# COVIDSafe ਯੋਜਨਾ

## COVIDSafe ਯੋਜਨਾ ਬਾਰੇ

COVIDSafe ਯੋਜਨਾ ਨੂੰ ਕਾਰੋਬਾਰਾਂ ਨੂੰ ਸੁਰੱਖਿਅਤ ਤਰੀਕੇ ਨਾਲ ਮੁੜ ਖੋਲ੍ਹਣ, COVIDSafe ਕੰਮ ਦੀ ਜਗ੍ਹਾ ਬਣਾਈ ਰੱਖਣ ਅਤੇ ਕੰਮ ਦੀ ਜਗ੍ਹਾ ਵਿੱਚ ਕਰੋਨਾਵਾਇਰਸ (COVID-19) ਦੇ ਸ਼ੱਕੀ ਜਾਂ ਪੁਸ਼ਟੀ ਹੋਏ ਮਾਮਲੇ ਵਾਸਤੇ ਤਿਆਰੀ ਕਰਨ ਲਈ ਵਿਕਸਤ ਕੀਤਾ ਗਿਆ ਹੈ।

**ਜਨਤਕ ਸਿਹਤ ਨਿਰਦੇਸ਼ਾਂ ਦੀ ਪਾਲਣਾ ਕਰਨ ਲਈ:**

- ਮਹਾਂਨਗਰ ਮੈਲਬੌਰਨ ਅਤੇ ਦਿਹਾਤੀ ਵਿਕਟੋਰੀਆ ਦੋਨਾਂ ਵਿੱਚ ਸਾਰੇ ਕਾਰੋਬਾਰਾਂ ਨੂੰ ਲਾਜ਼ਮੀ ਤੌਰ ਉੱਤੇ COVIDSafe ਯੋਜਨਾ ਨੂੰ ਪੂਰਾ ਕਰਨਾ ਚਾਹੀਦਾ ਹੈ।
- ਇਸ COVIDSafe ਯੋਜਨਾ ਨੂੰ ਕਾਮਿਆਂ ਅਤੇ ਕਿਸੇ ਵੀ ਸਬੰਧਿਤ ਸਿਹਤ ਅਤੇ ਸੁਰੱਖਿਆ ਪ੍ਰਤੀਨਿਧਾਂ (HSRs) ਨਾਲ ਸਲਾਹ-ਮਸ਼ਵਰਾ ਕਰਕੇ ਵਿਕਸਤ ਕੀਤਾ ਜਾਣਾ ਚਾਹੀਦਾ ਹੈ।
- ਜੇ ਕਿਸੇ ਅਧਿਕਾਰਿਤ ਅਫਸਰ ਜਾਂ ਵਰਕਸੇਫ ਇੰਇਸ COVIDSafe ਯੋਜਨਾ ਨੂੰ ਪੂਰਾ ਕਰਨ ਤੋਂ ਇਲਾਵਾ, ਤੁਹਾਨੂੰ ਅਜੇ ਵੀ ਕਿੱਤਾਕਾਰੀ ਸਿਹਤ ਅਤੇ ਸੁਰੱਖਿਆ ਕਾਨੂੰਨ 2004 ਦੇ ਅਧੀਨ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਦੀ ਲੋੜ ਹੈ।
- ਸਪੈਕਟਰ ਦੁਆਰਾ ਅਜਿਹਾ ਕਰਨ ਲਈ ਨਿਰਦੇਸ਼ ਦਿੱਤਾ ਜਾਂਦਾ ਹੈ, ਤਾਂ ਤੁਹਾਨੂੰ ਲਾਜ਼ਮੀ ਤੌਰ ਉੱਤੇ ਆਪਣੀ COVIDSafe ਯੋਜਨਾ ਨੂੰ ਪੇਸ਼ ਕਰਨ ਜਾਂ ਸੋਧਣ ਦੀ ਬੇਨਤੀ ਦੀ ਪਾਲਣਾ ਕਰਨੀ ਚਾਹੀਦੀ ਹੈ।
- ਸਾਰੇ ਕਾਰੋਬਾਰਾਂ ਲਈ ਆਮ ਪਾਬੰਦੀਆਂ ਤੋਂ ਇਲਾਵਾ, ਕੁਝ ਉਦਯੋਗਾਂ ਨੂੰ ਸੰਚਾਰ ਦੇ ਵਧੇਰੇ ਖਤਰੇ ਕਰਕੇ ਵਾਧੂ ਜ਼ਿੰਮੇਵਾਰੀਆਂ ਪੂਰੀਆਂ ਕਰਨੀਆਂ ਪੈਂਦੀਆਂ ਹਨ।

**ਜੇ ਤੁਸੀਂ ਕਿਸੇ ਉੱਚ ਖਤਰੇ ਵਾਲੇ ਉਦਯੋਗ ਵਿੱਚ ਹੋ, ਤਾਂ ਤੁਹਾਨੂੰ ਉੱਚ ਖਤਰੇ ਵਾਲੀ COVIDSafe ਯੋਜਨਾ ਨੂੰ ਪੂਰਾ ਕਰਨ ਦੀ ਲੋੜ ਹੈ। ਅਗਲੇਰੀ ਜਾਣਕਾਰੀ vic.gov.au ਉੱਤੇ ਵੇਖੀ ਜਾ ਸਕਦੀ ਹੈ।**

## ਆਪਣੀ COVIDSafe ਯੋਜਨਾ ਨੂੰ ਕਿਵੇਂ ਵਿਕਸਤ ਕਰਨਾ ਹੈ

### 1. ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝੋ

ਰੋਜ਼ਗਾਰਦਾਤਿਆਂ ਉੱਤੇ ਲਾਗੂ ਹੋਣ ਵਾਲੀਆਂ ਜਨਤਕ ਸਿਹਤ ਨਿਰਦੇਸ਼ਾਂ ਬਾਰੇ ਜਾਣਕਾਰੀ vic.gov.au ਉੱਤੇ ਉਪਲਬਧ ਹੈ।

### 2. ਆਪਣੀ ਯੋਜਨਾ ਤਿਆਰ ਕਰੋ

ਹੇਠਾਂ COVIDSafe ਯੋਜਨਾ ਨਮੂਨਾ ਦਿੱਤਾ ਗਿਆ ਹੈ ਜਿਸ ਨੂੰ ਤੁਹਾਨੂੰ ਪੂਰਾ ਕਰਨ ਦੀ ਲੋੜ ਪਵੇਗੀ। COVIDSafe ਯੋਜਨਾ ਨੂੰ ਛੇ COVIDSafe ਸਿਧਾਂਤਾਂ ਵਿੱਚ ਵੰਡਿਆ ਗਿਆ ਹੈ। ਇਹਨਾਂ ਵਿੱਚ ਸ਼ਾਮਲ ਹਨ:

1. ਸਰੀਰਕ ਦੂਰੀ ਯਕੀਨੀ ਬਣਾਓ
2. ਚਿਹਰੇ ਨੂੰ ਢੱਕਣ ਵਾਲਾ ਕੱਪੜਾ ਪਹਿਨੋ
3. ਚੰਗੀ ਸਾਫ਼-ਸਫ਼ਾਈ ਦਾ ਅਭਿਆਸ ਕਰੋ
4. ਜੇਕਰ ਕਾਮੇ ਬਿਮਾਰ ਹੋ ਜਾਂਦੇ ਹਨ ਤਾਂ ਰਿਕਾਰਡ ਰੱਖੋ ਅਤੇ ਤੁਰੰਤ ਕਾਰਵਾਈ ਕਰੋ
5. ਅੰਦਰਵਾਰ ਜਗ੍ਹਾਵਾਂ ਵਿੱਚ ਲਾਗੇ ਹੋ ਕੇ ਗੱਲਬਾਤ ਕਰਨ ਤੋਂ ਪਰਹੇਜ਼ ਕਰੋ
6. ਕਾਰਜਬਲਾਂ ਨੂੰ ਇਕੱਠਾ ਰੱਖਣ ਦੀ ਤਿਆਰੀ ਕਰੋ

ਆਪਣੀ ਯੋਜਨਾ ਨੂੰ ਪੂਰਾ ਕਰਦੇ ਸਮੇਂ, ਹਰੇਕ COVIDSafe ਸਿਧਾਂਤ ਦੇ 'ਕਾਰਵਾਈਆਂ' ਕਾਲਮ ਦੇ ਅਧੀਨ, ਤੁਹਾਨੂੰ ਉਹਨਾਂ ਕਾਰਵਾਈਆਂ ਦੀ ਰੂਪ-ਰੇਖਾ ਉਲੀਕਣੀ ਚਾਹੀਦੀ ਹੈ, ਜੋ ਤੁਸੀਂ ਸੂਚੀਬੱਧ ਲੋੜਾਂ ਦੀ ਪੂਰਤੀ ਕਰਨ ਲਈ ਕਰੋਗੇ। ਤੁਸੀਂ ਨੋਟ ਕਰੋਗੇ ਕਿ ਜੇ ਤੁਸੀਂ ਕਿਸੇ ਪਾਬੰਦੀ ਵਾਲੇ ਜਾਂ ਬਹੁਤ ਜ਼ਿਆਦਾ ਪਾਬੰਦੀ ਵਾਲੇ ਉਦਯੋਗ ਵਿੱਚ ਹੋ, ਤਾਂ ਵਧੀਕ ਲੋੜਾਂ ਲਾਗੂ ਹੋ ਸਕਦੀਆਂ ਹਨ।

**ਜਨਤਕ ਸਿਹਤ ਨਿਰਦੇਸ਼ਾਂ ਦੇ ਅਧੀਨ ਲਾਜ਼ਮੀ ਲੋੜਾਂ ਇਸ ਚਿੰਨ੍ਹ ਨੂੰ ਦਰਸਾਉਂਦੀਆਂ ਹਨ:** ⚠

- ਤੁਹਾਡੇ ਕਾਮਿਆਂ ਨੂੰ ਸੁਰੱਖਿਅਤ ਅਤੇ ਕੰਮ ਦੀ ਜਗ੍ਹਾ ਨੂੰ ਖੁੱਲ੍ਹਾ ਰੱਖਣ ਲਈ ਦੂਸਰੇ ਸਾਰੇ ਨੁਕਤਿਆਂ ਦੀ ਬਹੁਤ ਸਿਫਾਰਸ਼ ਕੀਤੀ ਜਾਂਦੀ ਹੈ, ਪਰ ਇਹ ਲਾਜ਼ਮੀ ਨਹੀਂ ਹਨ।
- COVIDSafe ਯੋਜਨਾ ਵਿੱਚ ਕੁਝ ਲੋੜਾਂ ਤੁਹਾਡੇ ਕਾਰੋਬਾਰ ਉੱਤੇ ਸ਼ਾਇਦ ਲਾਗੂ ਨਹੀਂ ਹੋਣਗੀਆਂ। ਜਿੱਥੇ ਤੁਹਾਡੇ ਕਾਰੋਬਾਰ ਉੱਤੇ ਲੋੜ ਲਾਗੂ ਨਹੀਂ ਹੁੰਦੀ ਹੈ, ਉੱਥੇ ਇਸ ਵਾਸਤੇ N/A (ਲਾਗੂ ਨਹੀਂ) ਉੱਤੇ ਨਿਸ਼ਾਨ ਲਗਾਉਣਾ ਚਾਹੀਦਾ ਹੈ।

### 3. ਆਪਣੀ ਯੋਜਨਾ ਨੂੰ ਨਵਿਆ ਕੇ ਰੱਖੋ

ਤੁਹਾਡੀ COVIDSafe ਯੋਜਨਾ ਦੀ ਬਕਾਇਦਾ ਸਮੀਖਿਆ ਕੀਤੀ ਜਾਣੀ ਅਤੇ ਬਕਾਇਦਾ ਨਵਿਆਈ ਜਾਣੀ ਚਾਹੀਦੀ ਹੈ, ਅਤੇ ਜਦੋਂ ਪਾਬੰਦੀਆਂ ਜਾਂ ਜਨਤਕ ਸਿਹਤ ਸਲਾਹ ਵਿੱਚ ਤਬਦੀਲੀ ਆਉਂਦੀ ਹੈ। ਇੱਕ ਤੋਂ ਵਧੇਰੇ ਕੰਮ ਵਾਲੀਆਂ ਜਗ੍ਹਾਵਾਂ ਵਾਲੀਆਂ ਸੰਸਥਾਵਾਂ ਨੂੰ ਹਰੇਕ ਕੰਮ ਦੀ ਜਗ੍ਹਾ ਵਾਸਤੇ ਇੱਕ COVIDSafe ਯੋਜਨਾ ਨੂੰ ਪੂਰਾ ਕਰਨਾ ਲਾਜ਼ਮੀ ਹੈ।

ਤੁਹਾਨੂੰ ਆਪਣੀ COVIDSafe ਯੋਜਨਾ ਨੂੰ ਵਿਕਟੋਰੀਆ ਦੀ ਸਰਕਾਰ ਕੋਲ ਦਾਇਰ ਕਰਨ ਦੀ ਲੋੜ ਨਹੀਂ ਹੈ। ਪਰ, ਬੇਨਤੀ ਕਰਨ ਉੱਤੇ, ਜਾਂ ਤੁਹਾਡੇ ਕੰਮ ਦੀ ਜਗ੍ਹਾ ਵਿੱਚ ਕਿਸੇ ਪੁਸ਼ਟੀ ਕੀਤੇ ਪੌਜ਼ੇਟਿਵ ਮਾਮਲੇ ਦੀ ਸੂਰਤ ਵਿੱਚ, ਤੁਹਾਨੂੰ ਕਿਸੇ ਅਧਿਕਾਰਿਤ ਅਫਸਰ ਜਾਂ ਵਰਕਸੇਫ ਇੰਸਪੈਕਟਰ ਨੂੰ ਆਪਣੀ COVIDSafe ਯੋਜਨਾ ਪ੍ਰਦਾਨ ਕਰਵਾਉਣ ਦੀ ਲੋੜ ਪੈ ਸਕਦੀ ਹੈ। ਤੁਹਾਡੀ COVIDSafe ਯੋਜਨਾ ਨੂੰ ਲਾਗੂ ਕਰਨ ਅਤੇ ਪਾਲਣਾ ਕਰਨ ਨੂੰ ਯਕੀਨੀ ਬਨਾਉਣ ਲਈ ਕੰਪਿਊਟਰ ਰਾਹੀਂ ਅਤੇ ਖੁਦ ਆ ਕੇ ਜਾਂਚਾਂ ਦੇ ਨਾਲ ਨਾਲ ਰਿਕਾਰਡਾਂ ਦੀ ਜਾਂਚ ਰਾਹੀਂ ਮੁਲਾਂਕਣ ਵੀ ਹੋਣਗੇ।

### 4. ਆਪਣੀ ਯੋਜਨਾ ਸਾਂਝੀ ਕਰੋ

ਤੁਹਾਡੇ ਕਰਮਚਾਰੀਆਂ ਨੂੰ ਇਸ ਯੋਜਨਾ ਤੋਂ ਜਾਣੂੰ ਹੋਣ ਦੀ ਲੋੜ ਹੈ। ਜਿੱਥੇ ਸੰਭਵ ਹੋਵੇ, ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਯੋਜਨਾ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਆਪਣੇ ਕਾਮਿਆਂ ਨਾਲ ਵਿਚਾਰ-ਵਟਾਂਦਰਾ ਕਰੋ। ਇੱਕ ਵਾਰ ਜਦ ਤੁਸੀਂ ਯੋਜਨਾ ਨੂੰ ਪੂਰਾ ਕਰ ਲੈਂਦੇ ਹੋ, ਤਾਂ ਇਸਨੂੰ ਆਪਣੇ ਕਾਮਿਆਂ ਅਤੇ ਕਿੱਤਾਕਾਰੀ ਸਿਹਤ ਅਤੇ ਸੁਰੱਖਿਆ ਨੁਮਾਇੰਦਿਆਂ ਨਾਲ ਸਾਂਝਾ ਕਰੋ।

**ਤੁਹਾਡੀ COVIDSafe ਯੋਜਨਾ ਨੂੰ ਕਿਵੇਂ ਤਿਆਰ ਕਰਨਾ ਹੈ, ਜਾਂ ਕਿਸੇ ਹੋਰ ਸਵਾਲਾਂ ਵਾਸਤੇ ਅਗਲੇਰੇ ਮਾਰਗ-ਦਰਸ਼ਨ ਵਾਸਤੇ, ਕਿਰਪਾ ਕਰਕੇ vic.gov.au ਉੱਤੇ ਜਾਓ ਜਾਂ 13 22 15 ਉੱਤੇ ਬਿਜ਼ਨਸ ਵਿਕਟੋਰੀਆ ਹੌਟਲਾਈਨ ਨੂੰ ਫੋਨ ਕਰੋ।**

# ਤੁਹਾਡੀ COVIDSafe ਯੋਜਨਾ

ਕਾਰੋਬਾਰੀ ਨਾਮ: ________________________________________

ਯੋਜਨਾ ਪੂਰਾ ਕਰਨ ਵਾਲੇ ਦਾ ਨਾਮ: ________________________________________

ਤਰੀਕ ਨੂੰ ਸਮੀਖਿਆ ਕੀਤੀ ਗਈ: ________________________________________

# 1. ਸਰੀਰਕ ਦੂਰੀ ਯਕੀਨੀ ਬਣਾਓ

| ਲੋੜਾਂ | ਕਾਰਵਾਈ |
|---|---|
| ਤੁਹਾਨੂੰ ਲਾਜ਼ਮੀ ਤੌਰ ਉੱਤੇ ਇਹ ਯਕੀਨੀ ਬਨਾਉਣਾ ਚਾਹੀਦਾ ਹੈ ਕਿ ਕਾਮੇ ਅਤੇ ਮੁਲਾਕਾਤੀ ਵੱਧ ਤੋਂ ਵੱਧ ਸੰਭਵ ਹੱਦ ਤੱਕ 1.5 ਮੀਟਰ ਦੀ ਦੂਰੀ ਉੱਤੇ ਰਹਿਣ। ਇਹ ਇਸ ਦੁਆਰਾ ਕੀਤਾ ਜਾ ਸਕਦਾ ਹੈ:<br>• ਜਿੱਥੇ ਸੀਮਾਵਾਂ ਲਾਗੂ ਹੁੰਦੀਆਂ ਹਨ, ਅੰਦਰਵਾਰ ਖੇਤਰਾਂ ਦੇ ਪ੍ਰਵੇਸ਼ ਦੁਆਰ ਉੱਤੇ ਗਾਹਕਾਂ ਦੀ ਗਿਣਤੀ ਦੀਆਂ ਸੀਮਾਵਾਂ ਵਿਖਾਉਣ ਲਈ ਚਿੰਨ੍ਹ ਲਗਾਉਣਾ<br>• ਜਿੱਥੇ ਵੀ ਸੰਭਵ ਹੋਵੇ, ਕਾਮਿਆਂ ਨੂੰ ਘਰ ਤੋਂ ਕੰਮ ਕਰਨ ਲਈ ਸੂਚਿਤ ਕਰਨਾ<br>**ਤੁਸੀਂ ਇਹ ਵਿਚਾਰ ਵੀ ਕਰ ਸਕਦੇ ਹੋ:**<br>• ਕੰਮ ਦੀ ਜਗ੍ਹਾ ਵਿੱਚ ਦਾਖਲ ਹੋਣ ਅਤੇ ਬਾਹਰ ਜਾਣ ਦੀ ਉਡੀਕ ਕਰ ਰਹੇ ਲੋਕਾਂ ਦੀ ਭੀੜ ਨੂੰ ਘੱਟ ਤੋਂ ਘੱਟ ਕਰਨਾ<br>• ਘੱਟੋ-ਘੱਟ ਸਰੀਰਕ ਦੂਰੀ ਬਣਾਈ ਰੱਖਣ ਵਾਲੀਆਂ ਗਾਈਡਾਂ ਪ੍ਰਦਾਨ ਕਰਨ ਲਈ ਫਰਸ਼ ਦੇ ਨਿਸ਼ਾਨਾਂ ਦੀ ਵਰਤੋਂ ਕਰਨਾ<br>• ਡਿਲੀਵਰੀ ਡਰਾਈਵਰਾਂ ਅਤੇ ਕਾਮਿਆਂ ਦੇ ਵਿਚਕਾਰ ਸੰਪਰਕ ਨੂੰ ਸੀਮਤ ਕਰਨ ਲਈ ਡਿਲੀਵਰੀ ਦੇ ਤਰੀਕਿਆਂ ਦੀ ਸਮੀਖਿਆ ਕਰਨਾ | |
| **ਤੁਹਾਨੂੰ ਇਹ ਯਕੀਨੀ ਬਨਾਉਣ ਲਈ ਕੰਮ ਦੇ ਸਾਂਝੇ ਖੇਤਰਾਂ ਅਤੇ ਜਨਤਕ ਤੌਰ ਉੱਤੇ ਪਹੁੰਚਯੋਗ ਸਥਾਨਾਂ ਦੀ ਰੂਪ-ਰੇਖਾ ਤਿਆਰ ਕਰਨ ਲਈ ਘਣਤਾ ਵਾਲੀ ਗਿਣਤੀ ਲਾਗੂ ਕਰਨੀ ਚਾਹੀਦੀ ਹੈ:**<br>• ਅੰਦਰਵਾਰ ਕੰਮ ਦੀ ਜਗ੍ਹਾ ਦੇ ਵਿੱਚ ਪ੍ਰਤੀ ਚਾਰ ਵਰਗ ਮੀਟਰ ਵਿੱਚ ਇਕ ਤੋਂ ਵਧੇਰੇ ਕਾਮੇ ਨਹੀਂ ਹਨ<br>• ਜਨਤਕ ਤੌਰ ਉੱਤੇ ਉਪਲਬਧ ਅੰਦਰਵਾਰ ਜਗ੍ਹਾ ਦੇ ਚਾਰ ਵਰਗ ਮੀਟਰਾਂ ਦੇ ਅੰਦਰ ਜਨਤਾ ਦੇ ਇਕ ਤੋਂ ਵੱਧ ਮੈਂਬਰ ਨਹੀਂ ਹਨ | |
| **ਕੰਮ ਕਰਦੇ ਸਮੇਂ ਅਤੇ ਸਮਾਜਿਕ ਤੌਰ ਤੇ ਮਿਲਦੇ ਸਮੇਂ ਸਰੀਰਕ ਦੂਰੀ ਦੀਆਂ ਉਮੀਦਾਂ ਬਾਰੇ ਕਾਮਿਆਂ ਨੂੰ ਤੁਹਾਨੂੰ ਸਿਖਲਾਈ ਪ੍ਰਦਾਨ ਕਰਨੀ ਚਾਹੀਦੀ ਹੈ। ਇਸ ਵਿੱਚ ਇਹ ਸ਼ਾਮਲ ਹੋਣੇ ਚਾਹੀਦੇ ਹਨ:**<br>• ਕਾਰ ਵਿੱਚ ਇਕੱਠੇ ਆਉਂਦੇ ਸਮੇਂ ਕਾਮਿਆਂ ਨੂੰ ਚਲੰਤ ਜਨਤਕ ਸਿਹਤ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਸੂਚਿਤ ਕਰਨਾ। ਇਸ ਨੂੰ vic.gov.au ਉੱਤੇ ਲੱਭਿਆ ਜਾ ਸਕਦਾ ਹੈ। | |

## ਜੇ ਤੁਹਾਡਾ ਉਦਯੋਗ ਪਾਬੰਦੀ ਵਾਲਾ ਜਾਂ ਬਹੁਤ ਜ਼ਿਆਦਾ ਪਾਬੰਦੀ ਵਾਲਾ ਹੈ, ਤਾਂ ਤੁਹਾਨੂੰ ਵੀ ਲਾਜ਼ਮੀ ਤੌਰ ਉੱਤੇ ਕਰਨਾ ਚਾਹੀਦਾ ਹੈ:

ਉਦਯੋਗ ਦੀਆਂ ਹਦਾਇਤਾਂ ਅਨੁਸਾਰ ਕਾਮਿਆਂ ਦੇ ਪੱਧਰਾਂ ਨੂੰ ਘੱਟ ਕਰੋ।

ਉਦਯੋਗ ਦੀਆਂ ਹਦਾਇਤਾਂ ਅਨੁਸਾਰ ਗਾਹਕਾਂ ਦੀ ਗਿਣਤੀ ਨੂੰ ਸੀਮਤ ਕਰੋ।

ਕਾਰ ਵਿੱਚ ਇਕੱਠੇ ਆਉਣਾ ਬੰਦ ਕਰੋ।

**ਸਿਰਫ ਭਾਰੀ ਪਾਬੰਦੀ ਵਾਲੇ ਉਦਯੋਗ**

ਕਾਮੇ ਸਿਰਫ ਤਾਂ ਹੀ ਕੰਮ ਉੱਤੇ ਹਾਜ਼ਰ ਹੋ ਸਕਦੇ ਹਨ ਜੇ ਆਗਿਆ ਦਿੱਤੀ ਜਾਂਦੀ ਹੈ। ਇਜਾਜ਼ਤ ਦਿੱਤੀਆਂ ਕੰਮ ਵਾਲੀਆਂ ਜਗ੍ਹਾਵਾਂ ਵਿੱਚ, ਕੰਮ ਕਰਨ ਵਾਲੇ ਕਾਮਿਆਂ ਨੂੰ, ਲਾਜ਼ਮੀ ਤੌਰ ਉੱਤੇ ਘਰ ਤੋਂ ਕੰਮ ਕਰਨਾ ਚਾਹੀਦਾ ਹੈ, ਜੇ ਉਹ ਅਜਿਹਾ ਕਰ ਸਕਦੇ ਹਨ।

# 2. ਚਿਹਰੇ ਨੂੰ ਢੱਕਣ ਵਾਲਾ ਕੱਪੜਾ ਪਹਿਨੋ

| ਲੋੜਾਂ | ਕਾਰਵਾਈ |
|---|---|
| **ਤੁਹਾਨੂੰ ਲਾਜ਼ਮੀ ਤੌਰ ਉੱਤੇ ਇਹ ਯਕੀਨੀ ਬਨਾਉਣਾ ਚਾਹੀਦਾ ਹੈ ਕਿ ਕੰਮ ਦੀ ਜਗ੍ਹਾ ਵਿੱਚ ਦਾਖਲ ਹੋਣ ਵਾਲੇ ਸਾਰੇ ਕਾਮੇ ਅਤੇ ਮੁਲਾਕਾਤੀ ਜਨਤਕ ਸਿਹਤ ਸਲਾਹ ਦੇ ਅਨੁਸਾਰ ਚਿਹਰੇ ਨੂੰ ਢੱਕ ਕੇ ਰੱਖਣ। ਇਸ ਵਿੱਚ ਸ਼ਾਮਲ ਹਨ:**<br>• ਉਹਨਾਂ ਕਾਮਿਆਂ ਨੂੰ ਜਿੰਨ੍ਹਾਂ ਕੋਲ ਆਪਣਾ ਖੁਦ ਦਾ ਨਹੀਂ ਹੈ, ਚਿਹਰੇ ਨੂੰ ਢੱਕਣ ਅਤੇ ਨਿੱਜੀ ਰੱਖਿਆ ਦਾ ਉਚਿੱਤ ਸਾਜ਼ੋ-ਸਾਮਾਨ (PPE) ਪ੍ਰਦਾਨ ਕਰਵਾਉਣਾ | |
| ਜਿੱਥੇ ਸਬੰਧਿਤ ਹੋਵੇ, ਤੁਹਾਨੂੰ ਵਾਧੂ ਸੁਰੱਖਿਆ ਵਾਸਤੇ ਕੰਮ ਦੀ ਜਗ੍ਹਾ ਵਿੱਚ ਪਰਦਿਆਂ ਜਾਂ ਰੁਕਾਵਟਾਂ ਨੂੰ ਸਥਾਪਿਤ ਕਰਨਾ ਚਾਹੀਦਾ ਹੈ। | |
| ਤੁਹਾਨੂੰ ਇਸ ਬਾਰੇ ਸਿਖਲਾਈ, ਹਿਦਾਇਤਾਂ ਅਤੇ ਮਾਰਗ-ਦਰਸ਼ਨ ਪ੍ਰਦਾਨ ਕਰਾਉਣਾ ਚਾਹੀਦਾ ਹੈ, ਕਿ PPE ਨੂੰ ਸਹੀ ਤਰੀਕੇ ਨਾਲ ਕਿਵੇਂ ਪਹਿਨਣਾ ਹੈ, ਵਰਤੋਂ ਕਰਨੀ ਹੈ ਅਤੇ ਇਹਨਾਂ ਦਾ ਨਿਪਟਾਰਾ ਕਿਵੇਂ ਕਰਨਾ ਹੈ।<br>ਤੁਹਾਨੂੰ ਕਾਮਿਆਂ ਨੂੰ ਸੂਚਿਤ ਕਰਨਾ ਚਾਹੀਦਾ ਹੈ, ਕਿ ਵਰਤੋਂ ਕਰਨ ਦੇ ਬਾਅਦ ਹਰ ਰੋਜ਼ ਕੱਪੜੇ ਦੇ ਮਾਸਕ ਧੋਏ ਚਾਹੀਦੇ ਹਨ। ਹਾਲਾਂਕਿ, ਜੇ ਦਿਨ ਦੇ ਦੌਰਾਨ ਮਾਸਕ ਵੇਖਣ ਨੂੰ ਗੰਦਾ ਜਾਂ ਗਿੱਲਾ ਹੁੰਦਾ ਹੈ, ਤਾਂ ਮਾਸਕ ਨੂੰ ਤੁਰੰਤ ਧੋਣ ਦੀ ਲੋੜ ਹੁੰਦੀ ਹੈ। | |

**ਪਾਬੰਦੀ ਵਾਲੇ ਜਾਂ ਬਹੁਤੀ ਪਾਬੰਦੀ ਵਾਲੇ ਉਦਯੋਗਾਂ ਵਾਸਤੇ ਕੋਈ ਵਧੀਕ ਲੋੜਾਂ ਨਹੀਂ ਹਨ।**

# 3. ਚੰਗੀ ਸਾਫ਼-ਸਫ਼ਾਈ ਦਾ ਅਭਿਆਸ ਕਰੋ

| ਲੋੜਾਂ | ਕਾਰਵਾਈ |
|---|---|
| **ਤੁਹਾਨੂੰ ਲਾਜ਼ਮੀ ਤੌਰ ਉੱਤੇ ਸਾਂਝੀਆਂ ਕੀਤੀਆਂ ਜਾਂਦੀਆਂ ਥਾਵਾਂ ਨੂੰ ਅਕਸਰ ਅਤੇ ਬਕਾਇਦਾ ਸਾਫ਼ ਕਰਨਾ ਚਾਹੀਦਾ ਹੈ ਅਤੇ ਕੀਟਾਣੂੰ ਮੁਕਤ ਕਰਨਾ ਚਾਹੀਦਾ ਹੈ, ਜਿਸ ਵਿੱਚ ਜ਼ਿਆਦਾ ਛੋਹੇ ਜਾਣ ਵਾਲੀਆਂ ਭਾਈਚਾਰਕ ਚੀਜ਼ਾਂ ਜਿਵੇਂ ਕਿ ਦਰਵਾਜ਼ੇ ਦੀਆਂ ਮੁੱਠਾਂ ਅਤੇ ਟੈਲੀਫੋਨ ਸ਼ਾਮਲ ਹਨ।**<br><br>**ਤੁਹਾਨੂੰ ਇਹ ਕਰਨਾ ਚਾਹੀਦਾ ਹੈ:**<br>• ਉਚਿੱਤ ਸਫ਼ਾਈ ਵਾਲੇ ਉਤਪਾਦਾਂ ਨਾਲ ਤਲਾਂ ਨੂੰ ਸਾਫ਼ ਕਰੋ, ਜਿਸ ਵਿੱਚ ਡਿਟਰਜੈਂਟ ਅਤੇ ਕੀਟਾਣੂੰ ਮਾਰਨ ਵਾਲੇ ਵੀ ਸ਼ਾਮਲ ਹਨ। ਜਿੱਥੇ ਅਜਿਹਾ ਕਰਨਾ ਸੰਭਵ ਹੈ, ਜ਼ਿਆਦਾ ਛੋਹਣ ਵਾਲੀਆਂ ਭਾਈਚਾਰਕ ਚੀਜ਼ਾਂ ਨੂੰ ਸਾਫ਼-ਸੁਥਰੇ ਵਿਕਲਪਾਂ ਨਾਲ ਬਦਲੋ, ਉਦਾਹਰਣ ਲਈ ਇਕ ਵਾਰੀ ਵਰਤਣ ਵਾਲੇ ਜਾਂ ਸੰਪਰਕ-ਰਹਿਤ ਵਿਕਲਪ<br>• ਸ਼ਿਫਟਾਂ ਦੇ ਵਿੱਚਕਾਰ ਸਾਫ਼ ਕਰੋ | |
| ਤੁਹਾਨੂੰ ਸਾਂਝੀਆਂ ਕੀਤੀਆਂ ਜਾਂਦੀਆਂ ਥਾਵਾਂ ਵਿੱਚ ਸਫਾਈ ਵਾਲੀ ਸੂਚੀ ਲਗਾਉਣੀ ਚਾਹੀਦਾ ਹੈ। | |
| ਤੁਹਾਨੂੰ ਸਾਰੇ ਕੰਮ ਦੀ ਜਗ੍ਹਾ ਵਿੱਚ ਸਾਰੇ ਕਾਮਿਆਂ ਅਤੇ ਗਾਹਕਾਂ ਵਾਸਤੇ ਸਾਬਣ ਅਤੇ ਹੱਥਾਂ ਸਾਫ ਕਰਨ ਵਾਲਾ ਸੈਨੀਟਾਈਜ਼ਰ ਉਪਲਬਧ ਕਰਵਾਉਣਾ ਚਾਹੀਦਾ ਹੈ, ਅਤੇ ਬਕਾਇਦਾ ਹੱਥ ਧੋਣ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। | |

## ਜੇ ਤੁਹਾਡਾ ਉਦਯੋਗ ਪਾਬੰਦੀ ਵਾਲਾ ਜਾਂ ਬਹੁਤ ਜ਼ਿਆਦਾ ਪਾਬੰਦੀ ਵਾਲਾ ਹੈ, ਤਾਂ ਤੁਹਾਨੂੰ ਇਹ ਵੀ ਕਰਨਾ ਚਾਹੀਦਾ ਹੈ:

ਸਫਾਈ ਦੀਆਂ ਸੂਚੀਆਂ ਦੀ ਪੜਤਾਲ ਕਰੋ।

# 4. ਜੇਕਰ ਕਾਮੇ ਬਿਮਾਰ ਹੋ ਜਾਂਦੇ ਹਨ ਤਾਂ ਰਿਕਾਰਡ ਰੱਖੋ ਅਤੇ ਤੁਰੰਤ ਕਾਰਵਾਈ ਕਰੋ

| ਲੋੜਾਂ | ਕਾਰਵਾਈ |
|---|---|
| ⚠ ਭਾਂਵੇਂ ਕਿ ਉਹਨਾਂ ਨੂੰ ਕੇਵਲ ਹਲਕੇ ਲੱਛਣ ਹੀ ਹੋਣ, ਤੁਹਾਨੂੰ ਲਾਜ਼ਮੀ ਤੌਰ ਉੱਤੇ ਕਾਮਿਆਂ ਨੂੰ ਟੈਸਟ ਕਰਵਾਉਣ ਅਤੇ ਘਰੇ ਰਹਿਣ ਲਈ ਸਹਿਯੋਗ ਕਰਨਾ ਚਾਹੀਦਾ ਹੈ। | |
| ⚠ **ਕਿਸੇ ਵੀ ਫੈਲਾਅ ਦਾ ਪ੍ਰਬੰਧ ਕਰਨ ਲਈ ਤੁਹਾਨੂੰ ਲਾਜ਼ਮੀ ਤੌਰ ਉੱਤੇ ਕਾਰੋਬਾਰੀ ਅਚਨਚੇਤ ਯੋਜਨਾ ਵਿਕਸਤ ਕਰਨੀ ਚਾਹੀਦੀ ਹੈ। ਇਸ ਵਿੱਚ ਸ਼ਾਮਲ ਹਨ:**<br>• ਕਿਸੇ ਕਾਮੇ ਬਾਰੇ ਪਤਾ ਲੱਗਣ ਉੱਤੇ ਕਿ ਉਹ ਇੱਕ ਪੌਜ਼ੇਟਿਵ ਮਾਮਲਾ ਹੈ, ਕਾਰਵਾਈ ਕਰਨ ਦੀ ਯੋਜਨਾ ਬਣਾ ਕੇ ਰੱਖਣਾ, ਇਹ ਧਿਆਨ ਰੱਖਣਾ ਕਿ ਜੋ ਕਾਮੇ ਲੱਛਣ ਵਿਖਾਉਂਦੇ ਹਨ, ਜਾਂ ਨਜ਼ਦੀਕੀ ਸੰਪਰਕ ਵਿੱਚ ਹਨ, ਉਹਨਾਂ ਨੂੰ ਕੰਮ ਦੀ ਜਗ੍ਹਾ ਵਿੱਚ ਤਦ ਤੱਕ ਹਾਜ਼ਰ ਨਹੀਂ ਹੋਣਾ ਚਾਹੀਦਾ, ਜਦੋਂ ਤੱਕ ਉਹਨਾਂ ਨੂੰ ਆਪਣੇ ਟੈਸਟ ਦੇ ਨਤੀਜੇ ਨਹੀਂ ਮਿਲ ਜਾਂਦੇ ਹਨ<br>• ਕਿਸੇ ਪੌਜ਼ੇਟਿਵ ਮਾਮਲੇ ਦੀ ਸੂਰਤ ਵਿੱਚ, ਉਹਨਾਂ ਦੀ ਛੂਤ ਦੀ ਮਿਆਦ ਦੌਰਾਨ ਕੰਮ ਦੀ ਜਗ੍ਹਾ ਉੱਤੇ ਹਾਜ਼ਰੀ ਭਰਨ ਦੀ ਸੂਰਤ ਵਿੱਚ, ਨਜ਼ਦੀਕੀ ਸੰਪਰਕਾਂ ਦੀ ਪਛਾਣ ਕਰਨ ਅਤੇ ਸੂਚਿਤ ਕਰਨ ਦੀ ਯੋਜਨਾ ਬਣਾ ਕੇ ਰੱਖਣਾ<br>• ਕਿਸੇ ਪੌਜ਼ੇਟਿਵ ਮਾਮਲੇ ਦੀ ਸੂਰਤ ਵਿੱਚ ਕੰਮ ਦੀ ਜਗ੍ਹਾ (ਜਾਂ ਹਿੱਸੇ) ਨੂੰ ਸਾਫ਼ ਕਰਨ ਲਈ ਯੋਜਨਾ ਬਣਾ ਕੇ ਰੱਖਣਾ<br>• DHHS ਨਾਲ ਸੰਪਰਕ ਕਰਨ ਅਤੇ ਕੀਤੀਆਂ ਗਈਆਂ ਕਾਰਵਾਈਆਂ ਨੂੰ ਸੂਚਿਤ ਕਰਨ ਦੀ ਯੋਜਨਾ ਬਣਾ ਕੇ ਰੱਖਣਾ, ਕੀਤੇ ਗਏ ਖਤਰੇ ਦੇ ਮੁਲਾਂਕਣ ਦੀ ਨਕਲ ਅਤੇ ਕਿਸੇ ਵੀ ਨਜ਼ਦੀਕੀ ਸੰਪਰਕਾਂ ਦੇ ਸੰਪਰਕ ਵੇਰਵੇ ਪ੍ਰਦਾਨ ਕਰਵਾਉਣਾ<br>• ਜੇ ਤੁਸੀਂ ਆਪਣੇ ਕੰਮ ਦੀ ਜਗ੍ਹਾ ਉੱਤੇ ਕਰੋਨਾਵਾਇਰਸ (COVID-19) ਵਾਲੇ ਕਿਸੇ ਵਿਅਕਤੀ ਦੀ ਪਛਾਣ ਕੀਤੀ ਹੈ, ਤਾਂ 13 22 60 ਉੱਤੇ ਤੁਰੰਤ ਵਰਕਸੇਫ ਵਿਕਟੋਰੀਆ ਨੂੰ ਸੂਚਿਤ ਕਰਨ ਦੀ ਯੋਜਨਾ ਬਣਾ ਕੇ ਰੱਖਣੀ<br>• ਅਜਿਹੀ ਸੂਰਤ ਵਿੱਚ ਕੋਈ ਯੋਜਨਾ ਬਣਾ ਕੇ ਰੱਖਣਾ ਜੇਕਰ ਤੁਹਾਨੂੰ DHHS ਦੁਆਰਾ ਬੰਦ ਕਰਨ ਲਈ ਕਿਹਾ ਗਿਆ ਹੈ<br>• DHHS ਦੁਆਰਾ ਸਹਿਮਤ ਹੋਣ ਦੇ ਬਾਅਦ ਆਪਣੇ ਕੰਮ ਦੀ ਜਗ੍ਹਾ ਨੂੰ ਮੁੜ ਖੋਲ੍ਹਣ ਦੀ ਯੋਜਨਾ ਬਣਾ ਕੇ ਰੱਖਣਾ ਅਤੇ ਕਾਮਿਆਂ ਨੂੰ ਸੂਚਿਤ ਕਰਨਾ ਕਿ ਉਹ ਕੰਮ ਉੱਤੇ ਵਾਪਸ ਆ ਸਕਦੇ ਹਨ | |
| ⚠ ਸੰਪਰਕ ਦਾ ਪਤਾ ਲਗਾਉਣ ਵਾਸਤੇ, ਤੁਹਾਡੇ ਦੁਆਰਾ ਉਹਨਾਂ ਸਾਰੇ ਲੋਕਾਂ ਦੇ ਰਿਕਾਰਡ ਰੱਖਣਾ ਲਾਜ਼ਮੀ ਹੈ, ਜੋ ਕੰਮ ਦੀ ਜਗ੍ਹਾ ਵਿੱਚ ਦਾਖਲ ਹੁੰਦੇ ਹਨ। | |
| ਤੁਹਾਨੂੰ ਪੜਤਾਲੀਆ ਪ੍ਰਣਾਲੀ ਲਾਗੂ ਕਰਨੀ ਚਾਹੀਦੀ ਹੈ ਜਿਸ ਵਿੱਚ ਕੰਮ ਦੀ ਜਗ੍ਹਾ ਵਿੱਚ ਦਾਖਲ ਹੋਣ ਸਮੇਂ ਤਾਪਮਾਨ ਦੀ ਜਾਂਚ ਕਰਨੀ ਸ਼ਾਮਲ ਹੁੰਦੀ ਹੈ। | |

## ਜੇ ਤੁਹਾਡਾ ਉਦਯੋਗ ਪਾਬੰਦੀ ਵਾਲਾ ਜਾਂ ਬਹੁਤ ਜ਼ਿਆਦਾ ਪਾਬੰਦੀ ਵਾਲਾ ਹੈ, ਤਾਂ ਤੁਹਾਨੂੰ ਵੀ ਲਾਜ਼ਮੀ ਤੌਰ ਉੱਤੇ ਕਰਨਾ ਚਾਹੀਦਾ ਹੈ:

⚠ **ਪਾਬੰਦੀ ਵਾਲੇ ਉਦਯੋਗ**
ਕਾਮਿਆਂ ਨੂੰ ਹਰੇਕ ਸ਼ਿਫਟ ਤੋਂ ਪਹਿਲਾਂ ਜ਼ੁਬਾਨੀ ਐਲਾਨ ਕਰਨ ਲਈ ਕਹੋ, ਕਿ ਉਹ ਲੱਛਣਾਂ ਤੋਂ ਮੁਕਤ ਹਨ, ਕਿਸੇ ਪੁਸ਼ਟੀ ਹੋਏ ਮਾਮਲੇ ਦੇ ਸੰਪਰਕ ਵਿੱਚ ਨਹੀਂ ਹਨ, ਅਤੇ ਉਹਨਾਂ ਨੂੰ ਵੱਖਰੇ ਰਹਿਣ ਲਈ ਨਿਰਦੇਸ਼ ਨਹੀਂ ਦਿੱਤੇ ਗਏ ਹਨ।

⚠ **ਭਾਰੀ ਪਾਬੰਦੀ ਵਾਲੇ ਉਦਯੋਗ**
ਕਾਮਿਆਂ ਨੂੰ ਹਰੇਕ ਸ਼ਿਫਟ ਤੋਂ ਪਹਿਲਾਂ ਲਿਖਤੀ ਰੂਪ ਵਿੱਚ ਜਾਂ ਇਲੈਕਟ੍ਰੌਨਿਕ ਤਰੀਕੇ ਨਾਲ ਇਹ ਐਲਾਨ ਕਰਨ ਲਈ ਕਹੋ, ਕਿ ਉਹ ਲੱਛਣਾਂ ਤੋਂ ਮੁਕਤ ਹਨ, ਕਿਸੇ ਪੁਸ਼ਟੀ ਹੋਏ ਮਾਮਲੇ ਦੇ ਸੰਪਰਕ ਵਿੱਚ ਨਹੀਂ ਹਨ, ਅਤੇ ਉਹਨਾਂ ਨੂੰ ਵੱਖਰੇ ਰਹਿਣ ਲਈ ਨਿਰਦੇਸ਼ ਨਹੀਂ ਦਿੱਤੇ ਗਏ ਹਨ।

# 5. ਅੰਦਰਵਾਰ ਜਗ੍ਹਾਵਾਂ ਵਿੱਚ ਲਾਗੇ ਹੋ ਕੇ ਗੱਲਬਾਤ ਕਰਨ ਤੋਂ ਪਰਹੇਜ਼ ਕਰੋ

| ਲੋੜਾਂ | ਕਾਰਵਾਈ |
| --- | --- |
| **ਤੁਹਾਨੂੰ ਉਸ ਸਮੇਂ ਦੀ ਮਾਤਰਾ ਨੂੰ ਘੱਟ ਕਰਨਾ ਚਾਹੀਦਾ ਹੈ ਜੋ ਕਾਮੇ ਅੰਦਰਵਾਰ ਥਾਵਾਂ ਵਿੱਚ ਬਿਤਾ ਰਹੇ ਹਨ। ਇਸ ਵਿੱਚ ਸ਼ਾਮਲ ਹੋ ਸਕਦੇ ਹਨ:**<br>• ਬਾਹਰੀ ਵਾਤਾਵਰਣਾਂ ਵਿੱਚ ਕੰਮ ਕਰਨ ਨੂੰ ਯੋਗ ਬਨਾਉਣਾ<br>• ਵੱਧ ਤੋਂ ਵੱਧ ਸੰਭਵ ਹੱਦ ਤੱਕ ਸਰਗਰਮੀਆਂ ਨੂੰ ਬਾਹਰ ਲੈ ਜਾਣਾ, ਇਹਨਾਂ ਵਿੱਚ ਗਾਹਕਾਂ ਨਾਲ ਵਰਤਣਾ, ਮੀਟਿੰਗਾਂ, ਚਾਹ-ਪਾਣੀ ਵਾਲੇ ਕਮਰੇ, ਦੁਪਹਿਰ ਦੀ ਛੁੱਟੀ ਅਤੇ ਲਾਕਰ ਰੂਮ ਸ਼ਾਮਲ ਹਨ<br>• ਖਿੜਕੀਆਂ ਅਤੇ ਦਰਵਾਜ਼ਿਆਂ ਨੂੰ ਖੋਲ੍ਹ ਕੇ ਹਵਾ ਦੇ ਪ੍ਰਵਾਹ ਨੂੰ ਵਧਾਉਣਾ<br>• ਏਅਰ ਕੰਡੀਸ਼ਨ ਪ੍ਰਣਾਲੀਆਂ ਵਿੱਚ ਤਾਜ਼ੀ ਹਵਾ ਦੇ ਪ੍ਰਵਾਹ ਨੂੰ ਵਧਾਉਣਾ | |

## ਪਾਬੰਦੀ ਵਾਲੇ ਜਾਂ ਭਾਰੀ ਪਾਬੰਦੀ ਵਾਲੇ ਉਦਯੋਗਾਂ ਵਾਸਤੇ ਕੋਈ ਵਧੀਕ ਲੋੜਾਂ ਨਹੀਂ ਹਨ।

# 6. ਕਾਰਜਬਲਾਂ ਨੂੰ ਇਕੱਠਾ ਰੱਖਣ ਦੀ ਤਿਆਰੀ ਕਰੋ

| ਲੋੜਾਂ | ਕਾਰਵਾਈ |
| --- | --- |
| ਤੁਹਾਨੂੰ ਕਾਮਿਆਂ ਦੇ ਸਮੂਹਾਂ ਨੂੰ ਇੱਕੋ ਕੰਮ ਦੀ ਜਗ੍ਹਾ ਵਿੱਚ ਇੱਕੋ ਸ਼ਿਫਟ ਵਾਲੀ ਸੂਚੀ ਵਿੱਚ ਰੱਖਣਾ ਚਾਹੀਦਾ ਹੈ, ਅਤੇ ਇਹ ਯਕੀਨੀ ਬਨਾਉਣਾ ਚਾਹੀਦਾ ਹੈ, ਕਿ ਸ਼ਿਫਟ ਬਦਲਣ ਵੇਲੇ ਕਾਮੇ ਇਕ ਦੂਸਰੇ ਦੇ ਸੰਪਰਕ ਵਿੱਚ ਨਾ ਆਉਣ। | |
| ਤੁਹਾਨੂੰ ਉਹਨਾਂ ਸਾਰੇ ਕਾਮਿਆਂ ਦੇ ਰਿਕਾਰਡਾਂ ਨੂੰ ਬਣਾਈ ਰੱਖਣਾ ਚਾਹੀਦਾ ਹੈ, ਜਿੰਨ੍ਹਾਂ ਨੇ ਖੁਲਾਸਾ ਕੀਤਾ ਹੈ ਕਿ ਉਹ ਕਿਸੇ ਹੋਰ ਕਾਮੇ ਦੇ ਨਾਲ ਰਹਿੰਦੇ ਹਨ, ਅਤੇ ਇਹ ਯਕੀਨੀ ਬਨਾਉਣਾ ਚਾਹੀਦਾ ਹੈ ਕਿ ਸ਼ਿਫਟਾਂ ਦੇ ਵਿੱਚਕਾਰ ਕਾਮੇ ਏਧਰ ਓਧਰ ਨਾ ਮਿਲਣ। | |

## ਜੇ ਤੁਹਾਡਾ ਉਦਯੋਗ ਪਾਬੰਦੀ ਵਾਲਾ ਜਾਂ ਬਹੁਤ ਜ਼ਿਆਦਾ ਪਾਬੰਦੀ ਵਾਲਾ ਹੈ, ਤਾਂ ਤੁਹਾਨੂੰ ਵੀ ਲਾਜ਼ਮੀ ਤੌਰ ਉੱਤੇ ਕਰਨਾ ਚਾਹੀਦਾ ਹੈ:

- ⚠ ਕਈ ਸਾਰੇ ਕੰਮ ਵਾਲੀਆਂ ਜਗ੍ਹਾਵਾਂ ਉੱਤੇ ਕੰਮ ਕਰ ਰਹੇ ਕਾਮਿਆਂ ਦੀ ਗਿਣਤੀ ਨੂੰ ਸੀਮਤ ਕਰੋ ਜਾਂ ਬੰਦ ਕਰੋ।
- ⚠ ਉਹਨਾਂ ਸਾਰੇ ਕਾਮਿਆਂ ਦੇ ਰਿਕਾਰਡਾਂ ਨੂੰ ਬਣਾਈ ਰੱਖੋ ਜਿੰਨ੍ਹਾਂ ਨੇ ਖੁਲਾਸਾ ਕੀਤਾ ਹੈ ਕਿ ਉਹ ਇੱਕ ਤੋਂ ਵਧੇਰੇ ਕੰਮ ਦੀਆਂ ਜਗ੍ਹਾਵਾਂ ਵਿੱਚ ਵੱਖ-ਵੱਖ ਰੋਜ਼ਗਾਰਦਾਤਿਆਂ ਵਾਸਤੇ ਕੰਮ ਕਰ ਰਹੇ ਹਨ।

# COVIDSafe ਯੋਜਨਾ ਗਾਈਡ

ਇਸ ਗਾਈਡ ਨੂੰ ਤੁਹਾਡੀ COVIDSafe ਯੋਜਨਾ ਦੇ ਨਾਲ ਚੱਲਣ ਲਈ ਵਿਉਂਤਿਆ ਗਿਆ ਹੈ, ਅਤੇ ਲੋੜਾਂ ਨੂੰ ਕਿਵੇਂ ਲਾਗੂ ਕਰਨਾ ਹੈ, ਇਸ ਬਾਰੇ ਕਈ ਸਾਰੇ ਸੁਝਾਅ/ਕਾਰਵਾਈਆਂ ਦੀਆਂ ਉਦਾਹਰਣਾਂ ਪ੍ਰਦਾਨ ਕਰਵਾਉਂਦੀ ਹੈ।

ਕਿਰਪਾ ਕਰਕੇ ਆਪਣੀ COVIDSafe ਯੋਜਨਾ ਨੂੰ ਪੂਰਾ ਕਰਨ ਵਿੱਚ ਆਪਣੀ ਮਦਦ ਕਰਨ ਲਈ ਇਸ ਗਾਈਡ ਦੀ ਵਰਤੋਂ ਕਰੋ।
ਅਗਲੇਰੀ ਜਾਣਕਾਰੀ ਵਾਸਤੇ vic.gov.au ਉੱਤੇ ਜਾਓ।



# 1. ਸਰੀਰਕ ਦੂਰੀ ਯਕੀਨੀ ਬਣਾਓ

## ਲੋੜਾਂ

**ਤੁਹਾਨੂੰ ਲਾਜ਼ਮੀ ਤੌਰ ਉੱਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕਾਮੇ ਅਤੇ ਮੁਲਾਕਾਤੀ ਵੱਧ ਤੋਂ ਵੱਧ ਸੰਭਵ ਹੱਦ ਤੱਕ 1.5 ਮੀਟਰ ਦੀ ਦੂਰੀ ਉੱਤੇ ਰਹਿਣ। ਇਹ ਇਸ ਦੁਆਰਾ ਕੀਤਾ ਜਾ ਸਕਦਾ ਹੈ:**

- ਜਿੱਥੇ ਸੀਮਾਵਾਂ ਲਾਗੂ ਹੁੰਦੀਆਂ ਹਨ, ਅੰਦਰਵਾਰ ਖੇਤਰਾਂ ਦੇ ਪ੍ਰਵੇਸ਼ ਦੁਆਰ ਉੱਤੇ ਗਾਹਕਾਂ ਦੀ ਗਿਣਤੀ ਦੀਆਂ ਸੀਮਾਵਾਂ ਵਿਖਾਉਣ ਲਈ ਚਿੰਨ੍ਹ ਲਗਾਉਣਾ
- ਜਿੱਥੇ ਵੀ ਸੰਭਵ ਹੋਵੇ, ਕਾਮਿਆਂ ਨੂੰ ਘਰ ਤੋਂ ਕੰਮ ਕਰਨ ਲਈ ਸੂਚਿਤ ਕਰਨਾ

**ਤੁਸੀਂ ਇਹ ਵਿਚਾਰ ਵੀ ਕਰ ਸਕਦੇ ਹੋ:**

- ਕੰਮ ਦੀ ਜਗ੍ਹਾ ਵਿੱਚ ਦਾਖਲ ਹੋਣ ਅਤੇ ਬਾਹਰ ਜਾਣ ਦੀ ਉਡੀਕ ਕਰ ਰਹੇ ਲੋਕਾਂ ਦੀ ਭੀੜ ਨੂੰ ਘੱਟ ਤੋਂ ਘੱਟ ਕਰਨਾ
- ਘੱਟੋ-ਘੱਟ ਸਰੀਰਕ ਦੂਰੀ ਬਣਾਈ ਰੱਖਣ ਵਾਲੀਆਂ ਗਾਈਡਾਂ ਪ੍ਰਦਾਨ ਕਰਨ ਲਈ ਫਰਸ਼ ਦੇ ਨਿਸ਼ਾਨਾਂ ਦੀ ਵਰਤੋਂ ਕਰਨਾ
- ਡਿਲੀਵਰੀ ਡਰਾਈਵਰਾਂ ਅਤੇ ਕਾਮਿਆਂ ਦੇ ਵਿਚਕਾਰ ਸੰਪਰਕ ਨੂੰ ਸੀਮਤ ਕਰਨ ਲਈ ਡਿਲੀਵਰੀ ਦੇ ਤਰੀਕਿਆਂ ਦੀ ਸਮੀਖਿਆ ਕਰਨਾ

## ਕਾਰਵਾਈ (ਉਦਾਹਰਣਾਂ)

- ਉਹਨਾਂ ਖੇਤਰਾਂ ਦੀ ਪਛਾਣ ਕਰੋ, ਜਿੰਨ੍ਹਾਂ ਵਿੱਚ ਫਰਸ਼ ਉੱਤੇ ਨਿਸ਼ਾਨ ਲਗਾਉਣ ਦੀ ਲੋੜ ਹੁੰਦੀ ਹੈ, ਜਿਵੇਂ ਕਿ ਲਿਫਟਾਂ, ਰਸੋਈ ਦੇ ਖੇਤਰ, ਪ੍ਰਿੰਟਰ ਤੋਂ ਕਾਗਜ਼ ਇਕੱਠੇ ਕਰਨ ਵਾਲੇ ਖੇਤਰ
- ਅੰਦਰ ਜਾਣ ਅਤੇ ਬਾਹਰ ਨਿਕਲਣ ਲਈ ਵੱਖ-ਵੱਖ ਦਰਵਾਜ਼ੇ ਨੀਯਤ ਕਰੋ
- ਕੰਮ ਦੀ ਜਗ੍ਹਾ ਵਿੱਚ ਅੰਦਰ ਜਾਣ ਅਤੇ ਬਾਹਰ ਨਿਕਲਣ ਵਾਲੀ ਪ੍ਰਣਾਲੀ ਦੀ ਵਰਤੋਂ ਕਰੋ ਜੋ ਵੱਧ ਤੋਂ ਵੱਧ ਸੰਭਵ ਸੰਪਰਕ-ਰਹਿਤ ਹੋਵੇ ਅਤੇ ਅੰਦਰ ਬਾਹਰ ਜਾਣਾ ਜਲਦੀ ਹੋ ਜਾਵੇ
- ਅੰਦਰ ਜਾਣ ਵਾਲੇ ਅਤੇ ਬਾਹਰ ਨਿਕਲਣ ਵਾਲੇ ਦਰਵਾਜ਼ਿਆਂ ਉੱਤੇ ਘੱਟੋ-ਘੱਟ ਸਰੀਰਕ ਦੂਰੀ ਦੀਆਂ ਗਾਈਡਾਂ ਪ੍ਰਦਾਨ ਕਰਨ ਲਈ ਫਰਸ਼ ਦੇ ਨਿਸ਼ਾਨਾਂ ਦੀ ਵਰਤੋਂ ਕਰੋ
- ਸੰਪਰਕ ਰਹਿਤ ਡਿਲੀਵਰੀ ਜਾਂ ਰਸੀਦ ਪ੍ਰਣਾਲੀ ਨੂੰ ਸਥਾਪਤ ਕਰੋ।
- ਡਿਲੀਵਰੀ ਡਰਾਈਵਰਾਂ ਲਈ ਵਿਖਾਈ ਦਿੰਦੇ ਚਿੰਨ੍ਹ ਲਗਾਓ।
- ਚੀਜ਼ਾਂ ਛੱਡ ਕੇ ਜਾਣ ਵਾਲੇ ਮਨੋਨੀਤ ਖੇਤਰਾਂ ਦੀ ਪਛਾਣ ਕਰੋ।
- ਉਹਨਾਂ ਖੇਤਰਾਂ ਵਿੱਚ ਵੱਧ ਤੋਂ ਵੱਧ ਗਿਣਤੀ ਦੀ ਰੂਪ ਰੇਖਾ ਤਿਆਰ ਕਰਨਾ ਜੋ ਆਮ ਜਨਤਾ ਲਈ ਖੁੱਲ੍ਹੇ ਹਨ, ਅਤੇ ਚਿੰਨ੍ਹਾਂ ਬਾਰੇ ਜਾਣਕਾਰੀ

---

## ਲੋੜਾਂ

**ਤੁਹਾਨੂੰ ਇਹ ਯਕੀਨੀ ਬਨਾਉਣ ਲਈ ਕੰਮ ਦੇ ਸਾਂਝੇ ਖੇਤਰਾਂ ਅਤੇ ਜਨਤਕ ਤੌਰ ਉੱਤੇ ਪਹੁੰਚਯੋਗ ਸਥਾਨਾਂ ਦੀ ਰੂਪ-ਰੇਖਾ ਤਿਆਰ ਕਰਨ ਲਈ ਘਣਤਾ ਵਾਲੀ ਗਿਣਤੀ ਲਾਗੂ ਕਰਨੀ ਚਾਹੀਦੀ ਹੈ:**

- ਅੰਦਰਵਾਰ ਕੰਮ ਦੀ ਜਗ੍ਹਾ ਦੇ ਵਿੱਚ ਪ੍ਰਤੀ ਚਾਰ ਵਰਗ ਮੀਟਰ ਵਿੱਚ ਇਕ ਤੋਂ ਵਧੇਰੇ ਕਾਮੇ ਨਹੀਂ ਹਨ
- ਜਨਤਕ ਤੌਰ ਉੱਤੇ ਉਪਲਬਧ ਅੰਦਰਵਾਰ ਜਗ੍ਹਾ ਦੇ ਚਾਰ ਵਰਗ ਮੀਟਰਾਂ ਦੇ ਅੰਦਰ ਜਨਤਾ ਦੇ ਇਕ ਤੋਂ ਵੱਧ ਮੈਂਬਰ ਨਹੀਂ ਹਨ

## ਕਾਰਵਾਈ (ਉਦਾਹਰਣਾਂ)

- ਕਾਮੇ ਛੁੱਟੀ ਦੇ ਸਮੇਂ ਇੱਕ ਦੂਜੇ ਦਾ ਸਾਹਮਣਾ ਨਾ ਕਰਨ, ਇਸ ਲਈ ਸਰੀਰਕ ਦੂਰੀ, ਦੂਰ ਦੂਰ ਸੀਟਾਂ ਨੂੰ ਯਕੀਨੀ ਬਨਾਉਣ ਲਈ ਸਾਂਝੇ ਖੇਤਰਾਂ ਵਿੱਚ ਫਰਨੀਚਰ ਨੂੰ ਮੁੜ-ਤਰਤੀਬ ਦਿਓ, ਹਟਾਓ ਜਾਂ ਘੇਰਾ ਬੰਦ ਕਰੋ।
- ਕੰਮ ਦੀ ਜਗ੍ਹਾ ਦੀਆਂ ਹਿਦਾਇਤਾਂ ਵਿੱਚ ਸਬੰਧਿਤ ਘਣਤਾ ਵਾਲੀ ਗਿਣਤੀ ਅਤੇ ਚਿੰਨ੍ਹਾਂ ਦੀਆਂ ਲੋੜਾਂ ਦੀ ਪਾਲਣਾ ਕਰੋ

---

## ਲੋੜਾਂ

**ਕੰਮ ਕਰਦੇ ਸਮੇਂ ਅਤੇ ਸਮਾਜਿਕ ਤੌਰ ਤੇ ਮਿਲਦੇ ਸਮੇਂ ਸਰੀਰਕ ਦੂਰੀ ਦੀਆਂ ਉਮੀਦਾਂ ਬਾਰੇ ਕਾਮਿਆਂ ਨੂੰ ਤੁਹਾਨੂੰ ਸਿਖਲਾਈ ਪ੍ਰਦਾਨ ਕਰਨੀ ਚਾਹੀਦੀ ਹੈ। ਇਸ ਵਿੱਚ ਇਹ ਸ਼ਾਮਲ ਹੋਣੇ ਚਾਹੀਦੇ ਹਨ:**

- ਕਾਰ ਵਿੱਚ ਇਕੱਠੇ ਆਉਂਦੇ ਸਮੇਂ ਕਾਮਿਆਂ ਨੂੰ ਚਲੰਤ ਜਨਤਕ ਸਿਹਤ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਸੂਚਿਤ ਕਰਨਾ। ਇਸ ਨੂੰ vic.gov.au ਉੱਤੇ ਲੱਭਿਆ ਜਾ ਸਕਦਾ ਹੈ।

## ਕਾਰਵਾਈ (ਉਦਾਹਰਣਾਂ)

- ਸਰੀਰਕ ਦੂਰੀ ਬਣਾਈ ਰੱਖਣ ਲਈ ਰਣਨੀਤੀਆਂ ਵਿਕਸਤ ਕਰਨਾ ਅਤੇ ਕੰਮ ਦੇ ਅਭਿਆਸ ਵਿੱਚ ਤਬਦੀਲੀਆਂ ਬਾਰੇ ਕਾਮਿਆਂ ਨੂੰ ਸਿੱਖਿਅਤ ਕਰਨਾ
- ਕਾਮਿਆਂ ਨੂੰ ਸੰਦੇਸ਼ ਪਹੁੰਚਾਉਣ ਨੂੰ ਮਜ਼ਬੂਤ ਕਰੋ ਕਿ ਕੰਮ ਦੇ ਦੌਰਾਨ ਅਤੇ ਸਮਾਜਿਕ ਤੌਰ ਤੇ ਮਿਲਣ ਗਿਲਣ ਦੌਰਾਨ ਸਰੀਰਕ ਦੂਰੀ ਨੂੰ ਬਣਾਈ ਰੱਖਣ ਦੀ ਲੋੜ ਹੈ
- ਹੱਥਾਂ ਅਤੇ ਖੰਘ ਦੀ ਸਾਫ-ਸਫਾਈ ਬਾਰੇ ਕਾਮਿਆਂ ਨੂੰ ਸਿੱਖਿਅਤ ਕਰਨਾ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਆਪਣੇ ਹੱਥਾਂ ਨੂੰ ਸਹੀ ਤਰੀਕੇ ਨਾਲ ਕਿਵੇਂ ਧੋਣਾ ਅਤੇ ਕੀਟਾਣੂੰ-ਮੁਕਤ ਕਰਨਾ ਹੈ
- ਜੇ ਬਿਮਾਰ ਹੋਵੋ ਤਾਂ ਕੰਮ ਉੱਤੇ ਨਾ ਜਾਣ ਦੀ ਮਹੱਤਤਾ ਨੂੰ ਮਜ਼ਬੂਤ ਕਰਨਾ
- ਚਿਹਰੇ ਨੂੰ ਢੱਕਣ ਵਾਲੇ ਕੱਪੜਿਆਂ ਅਤੇ PPE ਦੀ ਵਰਤੋਂ ਬਾਰੇ ਉਚਿੱਤ ਜਾਣਕਾਰੀ ਨੂੰ ਯਕੀਨੀ ਬਨਾਉਣਾ
- ਜੇ ਮੈਲਬੌਰਨ ਮਹਾਂਨਗਰ ਵਿੱਚ ਹੋ ਤਾਂ ਉਦਯੋਗ ਬੰਦ ਕਰਨ ਅਤੇ ਕਾਮਿਆਂ ਲਈ ਆਗਿਆ ਦਿੱਤੇ ਪਰਮਿਟਾਂ ਬਾਰੇ ਪੜਾਅ 4 ਦੀਆਂ ਪਾਬੰਦੀਆਂ ਦੀ ਪਾਲਣਾ ਕਰਨਾ ਯਕੀਨੀ ਬਣਾਓ
- ਉਹਨਾਂ ਭੂਮਿਕਾਵਾਂ ਦੀ ਪਛਾਣ ਕਰੋ ਜਿੰਨ੍ਹਾਂ ਨੂੰ ਘਰ ਤੋਂ ਕੀਤਾ ਜਾਣਾ ਚਾਹੀਦਾ ਹੈ ਜਾਂ ਘਰ ਤੋਂ ਕੀਤੇ ਜਾਣ ਲਈ ਅਪਣਾਇਆ ਜਾ ਸਕਦਾ ਹੈ
- ਘਰ ਤੋਂ ਕੰਮ ਕਰਨ ਦੇ ਯੋਗ ਬਨਾਉਣ ਲਈ ਕੰਮ ਕਰਨ ਦੇ ਪ੍ਰਬੰਧਾਂ ਨੂੰ ਅਪਣਾਓ
- ਇਹ ਨਿਰਣਾ ਕਰਨ ਲਈ ਕਿ ਕੀ ਉਹਨਾਂ ਨੂੰ ਉੱਥੇ ਹੋਣ ਦੀ ਲੋੜ ਹੈ, ਕੰਮ ਦੀ ਜਗ੍ਹਾ ਉੱਤੇ ਹਾਜ਼ਰ ਕਾਮਿਆਂ ਦਾ ਬਕਾਇਦਾ ਮੁਲਾਂਕਣ ਕਰੋ

# 1. ਸਰੀਰਕ ਦੂਰੀ ਯਕੀਨੀ ਬਣਾਓ (ਚੱਲਦਾ)

## ਜੇ ਤੁਹਾਡਾ ਉਦਯੋਗ ਪਾਬੰਦੀ ਵਾਲਾ ਜਾਂ ਬਹੁਤ ਜ਼ਿਆਦਾ ਪਾਬੰਦੀ ਵਾਲਾ ਹੈ, ਤਾਂ ਤੁਹਾਨੂੰ ਵੀ ਲਾਜ਼ਮੀ ਤੌਰ ਉੱਤੇ ਕਰਨਾ ਚਾਹੀਦਾ ਹੈ:

- ਉਦਯੋਗ ਦੀਆਂ ਹਦਾਇਤਾਂ ਅਨੁਸਾਰ ਕਾਮਿਆਂ ਦੇ ਪੱਧਰਾਂ ਨੂੰ ਘੱਟ ਕਰੋ।
- ਉਦਯੋਗ ਦੀਆਂ ਹਦਾਇਤਾਂ ਅਨੁਸਾਰ ਗਾਹਕਾਂ ਦੀ ਗਿਣਤੀ ਨੂੰ ਸੀਮਤ ਕਰੋ।
- ਕਾਰ ਵਿੱਚ ਇਕੱਠੇ ਆਉਣਾ ਬੰਦ ਕਰੋ।
- **ਸਿਰਫ ਭਾਰੀ ਪਾਬੰਦੀ ਵਾਲੇ ਉਦਯੋਗ**

  ਕਾਮੇ ਸਿਰਫ ਤਾਂ ਹੀ ਕੰਮ ਉੱਤੇ ਹਾਜ਼ਰ ਹੋ ਸਕਦੇ ਹਨ ਜੇ ਆਗਿਆ ਦਿੱਤੀ ਜਾਂਦੀ ਹੈ। ਇਜਾਜ਼ਤ ਦਿੱਤੀਆਂ ਕੰਮ ਵਾਲੀਆਂ ਜਗ੍ਹਾਵਾਂ ਵਿੱਚ, ਕੰਮ ਕਰਨ ਵਾਲੇ ਕਾਮਿਆਂ ਨੂੰ, ਲਾਜ਼ਮੀ ਤੌਰ ਉੱਤੇ ਘਰ ਤੋਂ ਕੰਮ ਕਰਨਾ ਚਾਹੀਦਾ ਹੈ, ਜੇ ਉਹ ਅਜਿਹਾ ਕਰ ਸਕਦੇ ਹਨ।

# 2. ਚਿਹਰੇ ਨੂੰ ਢੱਕਣ ਵਾਲਾ ਕੱਪੜਾ ਪਹਿਨੋ

| ਲੋੜਾਂ | ਕਾਰਵਾਈ (ਉਦਾਹਰਣਾਂ) |
|---|---|
| **ਤੁਹਾਨੂੰ ਲਾਜ਼ਮੀ ਤੌਰ ਉੱਤੇ ਇਹ ਯਕੀਨੀ ਬਨਾਉਣਾ ਚਾਹੀਦਾ ਹੈ ਕਿ ਕੰਮ ਦੀ ਜਗ੍ਹਾ ਵਿੱਚ ਦਾਖਲ ਹੋਣ ਵਾਲੇ ਸਾਰੇ ਕਾਮੇ ਅਤੇ ਮੁਲਾਕਾਤੀ ਜਨਤਕ ਸਿਹਤ ਸਲਾਹ ਦੇ ਅਨੁਸਾਰ ਚਿਹਰੇ ਨੂੰ ਢੱਕ ਕੇ ਰੱਖਣ। ਇਸ ਵਿੱਚ ਸ਼ਾਮਲ ਹਨ:**<br>• ਉਹਨਾਂ ਕਾਮਿਆਂ ਨੂੰ ਜਿੰਨ੍ਹਾਂ ਕੋਲ ਆਪਣਾ ਖੁਦ ਦਾ ਨਹੀਂ ਹੈ, ਚਿਹਰੇ ਨੂੰ ਢੱਕਣ ਅਤੇ ਨਿੱਜੀ ਰੱਖਿਆ ਦਾ ਉਚਿੱਤ ਸਾਜ਼ੋ-ਸਾਮਾਨ (PPE) ਪ੍ਰਦਾਨ ਕਰਵਾਉਣਾ | • ਕੰਮ ਦੀ ਜਗ੍ਹਾ ਵਾਸਤੇ ਲੋੜੀਂਦੇ ਚਿਹਰੇ ਨੂੰ ਢੱਕਣ ਵਾਲੇ ਕੱਪੜਿਆਂ ਅਤੇ PPE ਦੀ ਪਛਾਣ ਕਰਨਾ ਅਤੇ ਸਮਝਾਉਣਾ ਕਿ ਇਹਨਾਂ ਨੂੰ ਕਦੋਂ ਅਤੇ ਕਿਵੇਂ ਪਹਿਨਣ ਦੀ ਲੋੜ ਹੈ<br>• ਸਾਰੇ ਕਾਮਿਆਂ ਵਿੱਚ ਚਿਹਰੇ ਨੂੰ ਢੱਕਣ ਵਾਲੇ ਕੱਪੜਿਆਂ ਦੀ ਵਰਤੋਂ ਦੀ ਨਿਗਰਾਨੀ ਕਰਨਾ, ਜਦੋਂ ਤੱਕ ਕੋਈ ਕਨੂੰਨੀ ਅਪਵਾਦ ਲਾਗੂ ਨਹੀਂ ਹੁੰਦਾ ਹੈ |
| ਜਿੱਥੇ ਸਬੰਧਿਤ ਹੋਵੇ, ਤੁਹਾਨੂੰ ਵਾਧੂ ਸੁਰੱਖਿਆ ਵਾਸਤੇ ਕੰਮ ਦੀ ਜਗ੍ਹਾ ਵਿੱਚ ਪਰਦਿਆਂ ਜਾਂ ਰੁਕਾਵਟਾਂ ਨੂੰ ਸਥਾਪਿਤ ਕਰਨਾ ਚਾਹੀਦਾ ਹੈ। | |
| ਤੁਹਾਨੂੰ ਇਸ ਬਾਰੇ ਸਿਖਲਾਈ, ਹਿਦਾਇਤਾਂ ਅਤੇ ਮਾਰਗ-ਦਰਸ਼ਨ ਪ੍ਰਦਾਨ ਕਰਾਉਣਾ ਚਾਹੀਦਾ ਹੈ, ਕਿ PPE ਨੂੰ ਸਹੀ ਤਰੀਕੇ ਨਾਲ ਕਿਵੇਂ ਪਹਿਨਣਾ ਹੈ, ਵਰਤੋਂ ਕਰਨੀ ਹੈ ਅਤੇ ਇਹਨਾਂ ਦਾ ਨਿਪਟਾਰਾ ਕਿਵੇਂ ਕਰਨਾ ਹੈ।<br>ਤੁਹਾਨੂੰ ਕਾਮਿਆਂ ਨੂੰ ਸੂਚਿਤ ਕਰਨਾ ਚਾਹੀਦਾ ਹੈ, ਕਿ ਵਰਤੋਂ ਕਰਨ ਦੇ ਬਾਅਦ ਹਰ ਰੋਜ਼ ਕੱਪੜੇ ਦੇ ਮਾਸਕ ਧੋਣੇ ਚਾਹੀਦੇ ਹਨ। ਹਾਲਾਂਕਿ, ਜੇ ਦਿਨ ਦੇ ਦੌਰਾਨ ਮਾਸਕ ਵੇਖਣ ਨੂੰ ਗੰਦਾ ਜਾਂ ਗਿੱਲਾ ਹੁੰਦਾ ਹੈ, ਤਾਂ ਮਾਸਕ ਨੂੰ ਤੁਰੰਤ ਧੋਣ ਦੀ ਲੋੜ ਹੁੰਦੀ ਹੈ। | |

## ਪਾਬੰਦੀ ਵਾਲੇ ਜਾਂ ਬਹੁਤੀ ਪਾਬੰਦੀ ਵਾਲੇ ਉਦਯੋਗਾਂ ਵਾਸਤੇ ਕੋਈ ਵਧੀਕ ਲੋੜਾਂ ਨਹੀਂ ਹਨ।

# 3. ਚੰਗੀ ਸਾਫ਼-ਸਫ਼ਾਈ ਦਾ ਅਭਿਆਸ ਕਰੋ

| ਲੋੜਾਂ | ਕਾਰਵਾਈ (ਉਦਾਹਰਣਾਂ) |
|---|---|
| ⚠ **ਤੁਹਾਨੂੰ ਲਾਜ਼ਮੀ ਤੌਰ ਉੱਤੇ ਸਾਂਝੀਆਂ ਕੀਤੀਆਂ ਜਾਂਦੀਆਂ ਥਾਵਾਂ ਨੂੰ ਅਕਸਰ ਅਤੇ ਬਕਾਇਦਾ ਸਾਫ਼ ਕਰਨਾ ਚਾਹੀਦਾ ਹੈ ਅਤੇ ਕੀਟਾਣੂੰ ਮੁਕਤ ਕਰਨਾ ਚਾਹੀਦਾ ਹੈ, ਜਿਸ ਵਿੱਚ ਜ਼ਿਆਦਾ ਛੋਹੇ ਜਾਣ ਵਾਲੀਆਂ ਭਾਈਚਾਰਕ ਚੀਜ਼ਾਂ ਜਿਵੇਂ ਕਿ ਦਰਵਾਜ਼ੇ ਦੀਆਂ ਮੁੱਠਾਂ ਅਤੇ ਟੈਲੀਫੋਨ ਸ਼ਾਮਲ ਹਨ।**<br><br>**ਤੁਹਾਨੂੰ ਇਹ ਕਰਨਾ ਚਾਹੀਦਾ ਹੈ:**<br>• ਉਚਿੱਤ ਸਫ਼ਾਈ ਵਾਲੇ ਉਤਪਾਦਾਂ ਨਾਲ ਤਲਾਂ ਨੂੰ ਸਾਫ਼ ਕਰੋ, ਜਿਸ ਵਿੱਚ ਡਿਟਰਜੈਂਟ ਅਤੇ ਕੀਟਾਣੂੰ ਮਾਰਨ ਵਾਲੇ ਵੀ ਸ਼ਾਮਲ ਹਨ। ਜਿੱਥੇ ਅਜਿਹਾ ਕਰਨਾ ਸੰਭਵ ਹੈ, ਜ਼ਿਆਦਾ ਛੋਹਣ ਵਾਲੀਆਂ ਭਾਈਚਾਰਕ ਚੀਜ਼ਾਂ ਨੂੰ ਸਾਫ਼-ਸੁਥਰੇ ਵਿਕਲਪਾਂ ਨਾਲ ਬਦਲੋ, ਉਦਾਹਰਣ ਲਈ ਇਕ ਵਾਰੀ ਵਰਤਣ ਵਾਲੇ ਜਾਂ ਸੰਪਰਕ-ਰਹਿਤ ਵਿਕਲਪ<br>• ਸ਼ਿਫਟਾਂ ਦੇ ਵਿੱਚਕਾਰ ਸਾਫ਼ ਕਰੋ | • ਜ਼ਿਆਦਾ ਛੂਹੇ ਜਾਂਦੇ ਤਲਾਂ ਦੀ ਪਛਾਣ ਕਰੋ (ਲਿਫਟ ਦੇ ਬਟਨ, ਦਰਵਾਜ਼ੇ ਅਤੇ ਅਲਮਾਰੀ ਦੇ ਮੁੱਠੇ, ਰਸੋਈ ਦੇ ਕਾਊਂਟਰ, ਟੱਚ ਸਕ੍ਰੀਨਾਂ, ਕੰਮ ਦੇ ਸਾਂਝੇ ਸਾਜ਼ੋ-ਸਾਮਾਨ)<br>• ਕੰਮ ਦੀ ਜਗ੍ਹਾ ਦੀ ਸਫਾਈ ਦੀ ਸੂਚੀ ਅਤੇ ਸਫਾਈ ਉਤਪਾਦਾਂ ਦੀ ਵਰਤੋਂ ਕਿਵੇਂ ਕਰਨੀ ਹੈ ਦੇ ਬਾਰੇ ਜਾਣਕਾਰੀ ਪ੍ਰਦਾਨ ਕਰੋ<br>• ਇਹ ਪਛਾਣ ਕਰੋ ਕਿ ਪੂਰੀ ਤਰ੍ਹਾਂ ਸਾਫ਼ ਕਰਨ ਲਈ ਕਿਹੜੇ ਉਤਪਾਦਾਂ ਦੀ ਲੋੜ ਹੈ<br>• ਸਫਾਈ ਉਤਪਾਦਾਂ ਦੀਆਂ ਪੂਰਤੀਆਂ ਦੀ ਨਿਗਰਾਨੀ ਕਰੋ ਅਤੇ ਬਕਾਇਦਾ ਦੋਬਾਰਾ ਲਿਆ ਕੇ ਰੱਖੋ<br>• ਸਾਂਝੀ ਕੌਫੀ ਅਤੇ ਮਸਾਲਿਆਂ ਨੂੰ ਇਕ ਵਾਰੀ ਵਰਤਣ ਵਾਲੀਆਂ ਪੁੜੀਆਂ ਨਾਲ ਬਦਲਣਾ<br>• ਛੂਹਣ ਤੋਂ ਬਿਨਾਂ ਵਾਲੀਆਂ ਸਹੂਲਤਾਂ ਸਥਾਪਤ ਕਰਨਾ ਜਿਵੇਂ ਕਿ ਸੰਪਰਕ ਰਹਿਤ ਟੂਟੀਆਂ, ਕੂੜੇਦਾਨ ਅਤੇ ਸਾਬਣ ਵਰਤਾਉਣ ਵਾਲੇ<br>• ਸਾਜ਼ੋ-ਸਮਾਨ ਜਿਵੇਂ ਕਿ ਫ਼ੋਨ, ਕੰਮ ਕਰਨ ਵਾਲੇ ਮੇਜ਼, ਹੈੱਡਸੈੱਟ, ਦਫਤਰ, ਔਜ਼ਾਰ ਜਾਂ ਦੂਸਰੇ ਉਪਕਰਣਾਂ ਨੂੰ ਸਾਂਝਾ ਕਰਨ ਤੋਂ ਪਰਹੇਜ਼ ਕਰੋ<br>• ਕਾਮਿਆਂ ਨੂੰ ਉਹਨਾਂ ਦੇ ਖੁਦ ਦੇ ਨਿੱਜੀ ਉਪਕਰਣ ਪ੍ਰਦਾਨ ਕਰੋ, ਜਿਸ ਉੱਤੇ ਉਹਨਾਂ ਦਾ ਨਾਮ ਲਿਖਿਆ ਹੋਇਆ ਹੈ |
| ਤੁਹਾਨੂੰ ਸਾਂਝੀਆਂ ਕੀਤੀਆਂ ਜਾਂਦੀਆਂ ਥਾਵਾਂ ਵਿੱਚ ਸਫਾਈ ਵਾਲੀ ਸੂਚੀ ਲਗਾਉਣੀ ਚਾਹੀਦਾ ਹੈ। | |
| ਤੁਹਾਨੂੰ ਸਾਰੇ ਕੰਮ ਦੀ ਜਗ੍ਹਾ ਵਿੱਚ ਸਾਰੇ ਕਾਮਿਆਂ ਅਤੇ ਗਾਹਕਾਂ ਵਾਸਤੇ ਸਾਬਣ ਅਤੇ ਹੱਥਾਂ ਸਾਫ ਕਰਨ ਵਾਲਾ ਸੈਨੀਟਾਈਜ਼ਰ ਉਪਲਬਧ ਕਰਵਾਉਣਾ ਚਾਹੀਦਾ ਹੈ, ਅਤੇ ਬਕਾਇਦਾ ਹੱਥ ਧੋਣ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। | • ਸਾਰੇ ਕੰਮ ਦੀ ਜਗ੍ਹਾ ਵਿੱਚ ਹੱਥ ਸਾਫ ਕਰਨ ਵਾਲੇ ਸੈਨੀਟਾਈਜ਼ਰ ਸਟੇਸ਼ਨਾਂ ਦੇ ਟਿਕਾਣੇ<br>• ਇਹ ਯਕੀਨੀ ਬਨਾਉਣਾ ਕਿ ਕਾਗਜ਼ੀ ਤੌਲੀਏ ਸੁੱਟਣ ਲਈ ਕੂੜੇਦਾਨ ਉਪਲਬਧ ਹਨ<br>• ਸਾਬਣ ਅਤੇ ਸੈਨੀਟਾਈਜ਼ਰ ਦੀਆਂ ਉਚਿੱਤ ਪੂਰਤੀਆਂ ਨੂੰ ਯਕੀਨੀ ਬਨਾਉਣਾ<br>• ਇਹ ਯਕੀਨੀ ਬਨਾਉਣਾ ਕਿ ਕਾਮਿਆਂ ਕੋਲ ਇਸ ਬਾਰੇ ਜਾਣਕਾਰੀ ਹੋਵੇ ਕਿ ਆਪਣੇ ਹੱਥਾਂ ਨੂੰ ਸਹੀ ਤਰੀਕੇ ਨਾਲ ਕਿਵੇਂ ਧੋਣਾ ਅਤੇ ਸਾਫ-ਸਫਾਈ ਕਿਵੇਂ ਕਰਨੀ ਹੈ |

## ਜੇ ਤੁਹਾਡਾ ਉਦਯੋਗ ਪਾਬੰਦੀ ਵਾਲਾ ਜਾਂ ਬਹੁਤ ਜ਼ਿਆਦਾ ਪਾਬੰਦੀ ਵਾਲਾ ਹੈ, ਤਾਂ ਤੁਹਾਨੂੰ ਇਹ ਵੀ ਕਰਨਾ ਚਾਹੀਦਾ ਹੈ:

ਸਫਾਈ ਦੀਆਂ ਸੂਚੀਆਂ ਦੀ ਪੜਤਾਲ ਕਰੋ।

# 4. ਜੇਕਰ ਕਾਮੇ ਬਿਮਾਰ ਹੋ ਜਾਂਦੇ ਹਨ ਤਾਂ ਰਿਕਾਰਡ ਰੱਖੋ ਅਤੇ ਤੁਰੰਤ ਕਾਰਵਾਈ ਕਰੋ

| ਲੋੜਾਂ | ਕਾਰਵਾਈ (ਉਦਾਹਰਣਾਂ) |
|---|---|
| ⚠ ਭਾਂਵੇਂ ਕਿ ਉਹਨਾਂ ਨੂੰ ਕੇਵਲ ਹਲਕੇ ਲੱਛਣ ਹੀ ਹੋਣ, ਤੁਹਾਨੂੰ ਲਾਜ਼ਮੀ ਤੌਰ ਉੱਤੇ ਕਾਮਿਆਂ ਨੂੰ ਟੈਸਟ ਕਰਵਾਉਣ ਅਤੇ ਘਰੇ ਰਹਿਣ ਲਈ ਸਹਿਯੋਗ ਕਰਨਾ ਚਾਹੀਦਾ ਹੈ। | • ਜੇਕਰ ਉਹ ਟੈਸਟ ਦੇ ਨਤੀਜੇ ਦੀ ਉਡੀਕ ਕਰਦੇ ਸਮੇਂ ਕੰਮ ਨਹੀਂ ਕਰ ਸਕਦੇ ਜਾਂ ਇੱਕ ਪੌਜ਼ੇਟਿਵ ਮਾਮਲੇ ਵਜੋਂ ਪੁਸ਼ਟੀ ਕੀਤੀ ਜਾਂਦੀ ਹੈ, ਕਾਮਿਆਂ ਨੂੰ ਉਪਲਬਧ ਵਿੱਤੀ ਸਹਾਇਤਾ ਬਾਰੇ ਉਹਨਾਂ ਨੂੰ ਜਾਣਕਾਰੀ ਦਿਓ |
| ⚠ **ਕਿਸੇ ਵੀ ਫੈਲਾਅ ਦਾ ਪ੍ਰਬੰਧ ਕਰਨ ਲਈ ਤੁਹਾਨੂੰ ਲਾਜ਼ਮੀ ਤੌਰ ਉੱਤੇ ਕਾਰੋਬਾਰੀ ਅਚਨਚੇਤ ਯੋਜਨਾ ਵਿਕਸਤ ਕਰਨੀ ਚਾਹੀਦੀ ਹੈ। ਇਸ ਵਿੱਚ ਸ਼ਾਮਲ ਹਨ:**<br>• ਕਿਸੇ ਕਾਮੇ ਬਾਰੇ ਪਤਾ ਲੱਗਣ ਉੱਤੇ ਕਿ ਉਹ ਇੱਕ ਪੌਜ਼ੇਟਿਵ ਮਾਮਲਾ ਹੈ, ਕਾਰਵਾਈ ਕਰਨ ਦੀ ਯੋਜਨਾ ਬਣਾ ਕੇ ਰੱਖਣਾ, ਇਹ ਧਿਆਨ ਰੱਖਣਾ ਕਿ ਜੋ ਕਾਮੇ ਲੱਛਣ ਵਿਖਾਉਂਦੇ ਹਨ, ਜਾਂ ਨਜ਼ਦੀਕੀ ਸੰਪਰਕ ਵਿੱਚ ਹਨ, ਉਹਨਾਂ ਨੂੰ ਕੰਮ ਦੀ ਜਗ੍ਹਾ ਵਿੱਚ ਤਦ ਤੱਕ ਹਾਜ਼ਰ ਨਹੀਂ ਹੋਣਾ ਚਾਹੀਦਾ, ਜਦੋਂ ਤੱਕ ਉਹਨਾਂ ਨੂੰ ਆਪਣੇ ਟੈਸਟ ਦੇ ਨਤੀਜੇ ਨਹੀਂ ਮਿਲ ਜਾਂਦੇ ਹਨ<br>• ਕਿਸੇ ਪੌਜ਼ੇਟਿਵ ਮਾਮਲੇ ਦੀ ਸੂਰਤ ਵਿੱਚ, ਉਹਨਾਂ ਦੀ ਛੂਤ ਦੀ ਮਿਆਦ ਦੌਰਾਨ ਕੰਮ ਦੀ ਜਗ੍ਹਾ ਉੱਤੇ ਹਾਜ਼ਰੀ ਭਰਨ ਦੀ ਸੂਰਤ ਵਿੱਚ, ਨਜ਼ਦੀਕੀ ਸੰਪਰਕਾਂ ਦੀ ਪਛਾਣ ਕਰਨ ਅਤੇ ਸੂਚਿਤ ਕਰਨ ਦੀ ਯੋਜਨਾ ਬਣਾ ਕੇ ਰੱਖਣਾ<br>• ਕਿਸੇ ਪੌਜ਼ੇਟਿਵ ਮਾਮਲੇ ਦੀ ਸੂਰਤ ਵਿੱਚ ਕੰਮ ਦੀ ਜਗ੍ਹਾ (ਜਾਂ ਹਿੱਸੇ) ਨੂੰ ਸਾਫ਼ ਕਰਨ ਲਈ ਯੋਜਨਾ ਬਣਾ ਕੇ ਰੱਖਣਾ<br>• DHHS ਨਾਲ ਸੰਪਰਕ ਕਰਨ ਅਤੇ ਕੀਤੀਆਂ ਗਈਆਂ ਕਾਰਵਾਈਆਂ ਨੂੰ ਸੂਚਿਤ ਕਰਨ ਦੀ ਯੋਜਨਾ ਬਣਾ ਕੇ ਰੱਖਣਾ, ਕੀਤੇ ਗਏ ਖਤਰੇ ਦੇ ਮੁਲਾਂਕਣ ਦੀ ਨਕਲ ਅਤੇ ਕਿਸੇ ਵੀ ਨਜ਼ਦੀਕੀ ਸੰਪਰਕਾਂ ਦੇ ਸੰਪਰਕ ਵੇਰਵੇ ਪ੍ਰਦਾਨ ਕਰਵਾਉਣਾ<br>• ਜੇ ਤੁਸੀਂ ਆਪਣੇ ਕੰਮ ਦੀ ਜਗ੍ਹਾ ਉੱਤੇ ਕਰੋਨਾਵਾਇਰਸ (COVID-19) ਵਾਲੇ ਕਿਸੇ ਵਿਅਕਤੀ ਦੀ ਪਛਾਣ ਕੀਤੀ ਹੈ, ਤਾਂ 13 23 60 ਉੱਤੇ ਤੁਰੰਤ ਵਰਕਸੇਫ ਵਿਕਟੋਰੀਆ ਨੂੰ ਸੂਚਿਤ ਕਰਨ ਦੀ ਯੋਜਨਾ ਬਣਾ ਕੇ ਰੱਖਣੀ<br>• ਅਜਿਹੀ ਸੂਰਤ ਵਿੱਚ ਕੋਈ ਯੋਜਨਾ ਬਣਾ ਕੇ ਰੱਖਣਾ ਜੇਕਰ ਤੁਹਾਨੂੰ DHHS ਦੁਆਰਾ ਬੰਦ ਕਰਨ ਲਈ ਕਿਹਾ ਗਿਆ ਹੈ<br>• DHHS ਦੁਆਰਾ ਸਹਿਮਤ ਹੋਣ ਦੇ ਬਾਅਦ ਆਪਣੇ ਕੰਮ ਦੀ ਜਗ੍ਹਾ ਨੂੰ ਮੁੜ ਖੋਲ੍ਹਣ ਦੀ ਯੋਜਨਾ ਬਣਾ ਕੇ ਰੱਖਣਾ ਅਤੇ ਕਾਮਿਆਂ ਨੂੰ ਸੂਚਿਤ ਕਰਨਾ ਕਿ ਉਹ ਕੰਮ ਉੱਤੇ ਵਾਪਸ ਆ ਸਕਦੇ ਹਨ | • ਕੰਮ ਦੀ ਜਗ੍ਹਾ ਵਿੱਚ ਕਿਸੇ ਪੌਜ਼ੇਟਿਵ ਮਾਮਲੇ ਬਾਰੇ ਕਾਮਿਆਂ ਅਤੇ ਨਜ਼ਦੀਕੀ ਸੰਪਰਕਾਂ ਨੂੰ ਸੂਚਿਤ ਕਰਨ ਲਈ ਪ੍ਰਕਿਰਿਆ ਸਥਾਪਤ ਕਰੋ।<br>• ਕਿਸੇ ਪੌਜ਼ੇਟਿਵ ਮਾਮਲੇ ਦੀ ਸੂਰਤ ਵਿੱਚ ਸਫਾਈ ਪ੍ਰਕਿਰਿਆ ਸਥਾਪਤ ਕਰੋ।<br>• DHHS, WorkSafe ਅਤੇ ਆਪਣੇ ਸਿਹਤ ਅਤੇ ਸੁਰੱਖਿਆ ਪ੍ਰਤੀਨਿਧ ਨੂੰ ਸੂਚਿਤ ਕਰਨ ਲਈ ਇੱਕ ਪ੍ਰਕਿਰਿਆ ਅਤੇ ਜਿੰਮੇਵਾਰੀ ਸਥਾਪਿਤ ਕਰੋ<br>• ਕਿਸੇ ਕਾਮੇ ਦੀ ਪੁਸ਼ਟੀ ਕਰਨ ਲਈ ਪ੍ਰਕਿਰਿਆ ਸਥਾਪਤ ਕਰੋ (ਸ਼ੱਕੀ ਜਾਂ ਪੁਸ਼ਟੀ ਹੋਏ ਮਾਮਲੇ ਦੇ ਨਾਲ) ਕਿ ਸਰੀਰਕ ਤੌਰ ਤੇ ਕੰਮ ਦੀ ਜਗ੍ਹਾ ਉੱਤੇ ਵਾਪਸ ਆਉਣ ਤੋਂ ਪਹਿਲਾਂ ਉਸ ਨੂੰ ਕਰੋਨਾਵਾਇਰਸ (COVID-19) ਨਹੀਂ ਹੈ<br>• ਵਰਕਸੇਫ ਨੂੰ ਸੂਚਿਤ ਕਰਨ ਲਈ ਇੱਕ ਪ੍ਰਕਿਰਿਆ ਸਥਾਪਤ ਕਰੋ ਕਿ ਕੰਮ ਦੀ ਜਗ੍ਹਾ ਮੁੜ ਖੁੱਲ੍ਹ ਰਹੀ ਹੈ |
| ⚠ ਸੰਪਰਕ ਦਾ ਪਤਾ ਲਗਾਉਣ ਵਾਸਤੇ, ਤੁਹਾਡੇ ਦੁਆਰਾ ਉਹਨਾਂ ਸਾਰੇ ਲੋਕਾਂ ਦੇ ਰਿਕਾਰਡ ਰੱਖਣਾ ਲਾਜ਼ਮੀ ਹੈ, ਜੋ ਕੰਮ ਦੀ ਜਗ੍ਹਾ ਵਿੱਚ ਦਾਖਲ ਹੁੰਦੇ ਹਨ। | • ਤਾਪਮਾਨ ਜਾਂਚ ਲਾਗੂ ਕਰਨ ਉੱਤੇ ਵਿਚਾਰ ਕਰੋ<br>• ਕਾਮਿਆਂ ਨੂੰ ਆਪਣੀ ਸ਼ਿਫਟ ਸ਼ੁਰੂ ਕਰਨ ਤੋਂ ਪਹਿਲਾਂ ਇੱਕ ਸਿਹਤ ਪ੍ਰਸ਼ਨਾਵਲੀ ਨੂੰ ਪੂਰਾ ਕਰਨ ਲਈ ਕਹੋ<br>• ਕਾਮਿਆਂ ਦੀ ਹਾਜ਼ਰੀ (ਜਿਸ ਵਿੱਚ ਭਾੜੇ ਉੱਤੇ ਰੱਖੇ ਜਾਣ ਵਾਲੇ ਕਾਮੇ, ਬਾਹਰਲੇ ਠੇਕੇਦਾਰ, ਸਫਾਈ ਕਰਨ ਵਾਲੇ, ਡਿਲੀਵਰੀ ਡਰਾਈਵਰ ਵੀ ਸ਼ਾਮਲ ਹਨ) ਤੋਂ ਰਿਕਾਰਡ ਇਕੱਠਾ ਕਰਨ ਲਈ ਇੱਕ ਪ੍ਰਕਿਰਿਆ ਸਥਾਪਤ ਕਰੋ, ਜਿਸ ਵਿੱਚ ਹਰੇਕ ਸ਼ਿਫਟ ਜਾਂ ਮੁਲਾਕਾਤ ਦੌਰਾਨ ਪਹੁੰਚ ਕੀਤੇ ਕੰਮ ਦੀ ਜਗ੍ਹਾ ਦੇ ਖੇਤਰ ਵੀ ਸ਼ਾਮਲ ਹਨ। ਜਿੱਥੇ ਸੰਭਵ ਹੋਵੇ, ਸੰਪਰਕ-ਰਹਿਤ ਪ੍ਰਣਾਲੀ ਨੂੰ ਲਾਗੂ ਕਰਨ ਉੱਤੇ ਵਿਚਾਰ ਕਰੋ<br>• ਸਾਰੇ ਕਾਮਿਆਂ ਵਾਸਤੇ ਨਵੀਨਤਮ ਸੰਪਰਕ ਦੇ ਵੇਰਵਿਆਂ ਨੂੰ ਬਣਾਈ ਰੱਖਣ ਲਈ ਪ੍ਰਕਿਰਿਆਵਾਂ ਦੀ ਸਮੀਖਿਆ ਕਰੋ<br>• ਜਾਣਕਾਰੀ ਨੂੰ ਇਕੱਠਾ ਕਰਨ ਅਤੇ ਸੰਭਾਲ ਕੇ ਰੱਖਣ ਲਈ ਤਰੀਕਿਆਂ ਬਾਰੇ ਜਾਣਕਾਰੀ ਪ੍ਰਦਾਨ ਕਰੋ |
| ਤੁਹਾਨੂੰ ਪੜਤਾਲੀਆ ਪ੍ਰਣਾਲੀ ਲਾਗੂ ਕਰਨੀ ਚਾਹੀਦੀ ਹੈ ਜਿਸ ਵਿੱਚ ਕੰਮ ਦੀ ਜਗ੍ਹਾ ਵਿੱਚ ਦਾਖਲ ਹੋਣ ਸਮੇਂ ਤਾਪਮਾਨ ਦੀ ਜਾਂਚ ਕਰਨੀ ਸ਼ਾਮਲ ਹੁੰਦੀ ਹੈ। | |

# 4. ਜੇਕਰ ਕਾਮੇ ਬਿਮਾਰ ਹੋ ਜਾਂਦੇ ਹਨ ਤਾਂ ਰਿਕਾਰਡ ਰੱਖੋ ਅਤੇ ਤੁਰੰਤ ਕਾਰਵਾਈ ਕਰੋ (ਚੱਲਦਾ)

## ਜੇ ਤੁਹਾਡਾ ਉਦਯੋਗ ਪਾਬੰਦੀ ਵਾਲਾ ਜਾਂ ਬਹੁਤ ਜ਼ਿਆਦਾ ਪਾਬੰਦੀ ਵਾਲਾ ਹੈ, ਤਾਂ ਤੁਹਾਨੂੰ ਵੀ ਲਾਜ਼ਮੀ ਤੌਰ ਉੱਤੇ ਕਰਨਾ ਚਾਹੀਦਾ ਹੈ:

⚠ **ਪਾਬੰਦੀ ਵਾਲੇ ਉਦਯੋਗ**
ਕਾਮਿਆਂ ਨੂੰ ਹਰੇਕ ਸ਼ਿਫਟ ਤੋਂ ਪਹਿਲਾਂ ਜ਼ੁਬਾਨੀ ਐਲਾਨ ਕਰਨ ਲਈ ਕਹੋ, ਕਿ ਉਹ ਲੱਛਣਾਂ ਤੋਂ ਮੁਕਤ ਹਨ, ਕਿਸੇ ਪੁਸ਼ਟੀ ਹੋਏ ਮਾਮਲੇ ਦੇ ਸੰਪਰਕ ਵਿੱਚ ਨਹੀਂ ਹਨ, ਅਤੇ ਉਹਨਾਂ ਨੂੰ ਵੱਖਰੇ ਰਹਿਣ ਲਈ ਨਿਰਦੇਸ਼ ਨਹੀਂ ਦਿੱਤੇ ਗਏ ਹਨ।

⚠ **ਭਾਰੀ ਪਾਬੰਦੀ ਵਾਲੇ ਉਦਯੋਗ**
ਕਾਮਿਆਂ ਨੂੰ ਹਰੇਕ ਸ਼ਿਫਟ ਤੋਂ ਪਹਿਲਾਂ ਲਿਖਤੀ ਰੂਪ ਵਿੱਚ ਜਾਂ ਇਲੈਕਟ੍ਰੌਨਿਕ ਤਰੀਕੇ ਨਾਲ ਇਹ ਐਲਾਨ ਕਰਨ ਲਈ ਕਹੋ, ਕਿ ਉਹ ਲੱਛਣਾਂ ਤੋਂ ਮੁਕਤ ਹਨ, ਕਿਸੇ ਪੁਸ਼ਟੀ ਹੋਏ ਮਾਮਲੇ ਦੇ ਸੰਪਰਕ ਵਿੱਚ ਨਹੀਂ ਹਨ, ਅਤੇ ਉਹਨਾਂ ਨੂੰ ਵੱਖਰੇ ਰਹਿਣ ਲਈ ਨਿਰਦੇਸ਼ ਨਹੀਂ ਦਿੱਤੇ ਗਏ ਹਨ।

# 5. ਅੰਦਰਵਾਰ ਜਗ੍ਹਾਵਾਂ ਵਿੱਚ ਲਾਗੇ ਹੋ ਕੇ ਗੱਲਬਾਤ ਕਰਨ ਤੋਂ ਪਰਹੇਜ਼ ਕਰੋ

| ਲੋੜਾਂ | ਕਾਰਵਾਈ (ਉਦਾਹਰਣਾਂ) |
|---|---|
| **ਤੁਹਾਨੂੰ ਉਸ ਸਮੇਂ ਦੀ ਮਾਤਰਾ ਨੂੰ ਘੱਟ ਕਰਨਾ ਚਾਹੀਦਾ ਹੈ ਜੋ ਕਾਮੇ ਅੰਦਰਵਾਰ ਥਾਵਾਂ ਵਿੱਚ ਬਿਤਾ ਰਹੇ ਹਨ। ਇਸ ਵਿੱਚ ਸ਼ਾਮਲ ਹੋ ਸਕਦੇ ਹਨ:**<br>• ਬਾਹਰੀ ਵਾਤਾਵਰਣਾਂ ਵਿੱਚ ਕੰਮ ਕਰਨ ਨੂੰ ਯੋਗ ਬਨਾਉਣਾ<br>• ਵੱਧ ਤੋਂ ਵੱਧ ਸੰਭਵ ਹੱਦ ਤੱਕ ਸਰਗਰਮੀਆਂ ਨੂੰ ਬਾਹਰ ਲੈ ਜਾਣਾ, ਇਹਨਾਂ ਵਿੱਚ ਗਾਹਕਾਂ ਨਾਲ ਵਰਤਣਾ, ਮੀਟਿੰਗਾਂ, ਚਾਹ-ਪਾਣੀ ਵਾਲੇ ਕਮਰੇ, ਦੁਪਹਿਰ ਦੀ ਛੁੱਟੀ ਅਤੇ ਲਾਕਰ ਰੂਮ ਸ਼ਾਮਲ ਹਨ<br>• ਖਿੜਕੀਆਂ ਅਤੇ ਦਰਵਾਜ਼ਿਆਂ ਨੂੰ ਖੋਲ੍ਹ ਕੇ ਹਵਾ ਦੇ ਪ੍ਰਵਾਹ ਨੂੰ ਵਧਾਉਣਾ<br>• ਏਅਰ ਕੰਡੀਸ਼ਨ ਪ੍ਰਣਾਲੀਆਂ ਵਿੱਚ ਤਾਜ਼ੀ ਹਵਾ ਦੇ ਪ੍ਰਵਾਹ ਨੂੰ ਵਧਾਉਣਾ | ਇਹ ਯਕੀਨੀ ਬਣਾਉਣਾ ਕਿ ਹਰ ਕੰਮ ਦੇ ਦਿਨ ਜਾਂ ਸ਼ਿਫਟ ਦੇ ਸ਼ੁਰੂ ਵਿੱਚ ਹਵਾ ਦੇ ਵਧੀਆ ਪ੍ਰਵਾਹ ਲਈ ਖਿੜਕੀਆਂ ਅਤੇ ਏਅਰ ਕੰਡੀਸ਼ਨ ਪ੍ਰਣਾਲੀ ਨੂੰ ਸੈੱਟ ਕੀਤਾ ਜਾਂਦਾ ਹੈ |

## ਪਾਬੰਦੀ ਵਾਲੇ ਜਾਂ ਭਾਰੀ ਪਾਬੰਦੀ ਵਾਲੇ ਉਦਯੋਗਾਂ ਵਾਸਤੇ ਕੋਈ ਵਧੀਕ ਲੋੜਾਂ ਨਹੀਂ ਹਨ।

# 6. ਕਾਰਜਬਲਾਂ ਨੂੰ ਇਕੱਠਾ ਰੱਖਣ ਦੀ ਤਿਆਰੀ ਕਰੋ

| ਲੋੜਾਂ | ਕਾਰਵਾਈ (ਉਦਾਹਰਣਾਂ) |
|---|---|
| ਤੁਹਾਨੂੰ ਕਾਮਿਆਂ ਦੇ ਸਮੂਹਾਂ ਨੂੰ ਇੱਕੋ ਕੰਮ ਦੀ ਜਗ੍ਹਾ ਵਿੱਚ ਇੱਕੋ ਸ਼ਿਫਟ ਵਾਲੀ ਸੂਚੀ ਵਿੱਚ ਰੱਖਣਾ ਚਾਹੀਦਾ ਹੈ, ਅਤੇ ਇਹ ਯਕੀਨੀ ਬਨਾਉਣਾ ਚਾਹੀਦਾ ਹੈ, ਕਿ ਸ਼ਿਫਟ ਬਦਲਣ ਵੇਲੇ ਕਾਮੇ ਇਕ ਦੂਸਰੇ ਦੇ ਸੰਪਰਕ ਵਿੱਚ ਨਾ ਆਉਣ। | • ਕਾਮਿਆਂ ਨੂੰ ਦੱਸੋ ਤਾਂ ਜੋ ਉਹ ਸਮਝ ਸਕਣ ਕਿ ਉਹ ਕਈ ਕੰਮ ਵਾਲੀਆਂ ਜਗ੍ਹਾਵਾਂ ਉੱਤੇ ਕੰਮ ਨਹੀਂ ਕਰ ਸਕਦੇ ਹਨ<br>• ਸ਼ਿਫਟਾਂ ਦੀ ਸੂਚੀ ਨੂੰ ਵਿਵਸਥਿਤ ਕਰੋ ਅਤੇ ਇਹ ਯਕੀਨੀ ਬਨਾਉਣ ਲਈ ਪ੍ਰਕਿਰਿਆਵਾਂ ਦਾ ਵਿਕਾਸ ਕਰੋ ਕਿ ਕਾਮੇ ਇੱਕ ਤੋਂ ਵਧੇਰੇ ਕੰਮ ਵਾਲੀਆਂ ਜਗ੍ਹਾਵਾਂ ਉੱਤੇ ਕੰਮ ਨਾ ਕਰਨ<br>• ਇੱਕੋ ਸਮੇਂ ਉੱਤੇ ਸਾਂਝੇ ਖੇਤਰਾਂ ਦੀ ਵਰਤੋਂ ਨੂੰ ਘੱਟ ਕਰਨ ਲਈ, ਸ਼ਿਫਟਾਂ ਅਤੇ ਬਰੇਕ ਨੂੰ ਸ਼ੁਰੂ ਅਤੇ ਸਮਾਪਤ ਕਰਨ ਦੇ ਸਮਿਆਂ ਨੂੰ ਵੱਖ ਵੱਖ ਕਰੋ<br>• ਕੰਮ ਦੌਰਾਨ ਛੁੱਟੀ ਲੈਂਦੇ ਸਮੇਂ ਕਾਮਿਆਂ ਨੂੰ ਸਾਂਝੀਆਂ ਸੁਵਿਧਾਵਾਂ ਵਿੱਚ ਸਮਾਂ ਘੱਟ ਤੋਂ ਘੱਟ ਬਿਤਾਉਣ ਲਈ ਉਤਸ਼ਾਹਿਤ ਕਰੋ<br>• ਇਹ ਯਕੀਨੀ ਬਣਾਓ ਕਿ ਕਾਮਿਆਂ ਦੇ ਸਮੂਹ ਵਿਭਿੰਨ ਸ਼ਿਫਟਾਂ ਵਿੱਚ ਆਪੋ ਵਿੱਚ ਨਾ ਮਿਲਦੇ ਜੁਲਦੇ ਹੋਣ |
| ਤੁਹਾਨੂੰ ਉਹਨਾਂ ਸਾਰੇ ਕਾਮਿਆਂ ਦੇ ਰਿਕਾਰਡਾਂ ਨੂੰ ਬਣਾਈ ਰੱਖਣਾ ਚਾਹੀਦਾ ਹੈ, ਜਿੰਨ੍ਹਾਂ ਨੇ ਖੁਲਾਸਾ ਕੀਤਾ ਹੈ ਕਿ ਉਹ ਕਿਸੇ ਹੋਰ ਕਾਮੇ ਦੇ ਨਾਲ ਰਹਿੰਦੇ ਹਨ, ਅਤੇ ਇਹ ਯਕੀਨੀ ਬਨਾਉਣਾ ਚਾਹੀਦਾ ਹੈ ਕਿ ਸ਼ਿਫਟਾਂ ਦੇ ਵਿੱਚਕਾਰ ਕਾਮੇ ਏਧਰ ਓਧਰ ਨਾ ਮਿਲਣ। | |

## ਜੇ ਤੁਹਾਡਾ ਉਦਯੋਗ ਪਾਬੰਦੀ ਵਾਲਾ ਜਾਂ ਬਹੁਤ ਜ਼ਿਆਦਾ ਪਾਬੰਦੀ ਵਾਲਾ ਹੈ, ਤਾਂ ਤੁਹਾਨੂੰ ਵੀ ਲਾਜ਼ਮੀ ਤੌਰ ਉੱਤੇ ਕਰਨਾ ਚਾਹੀਦਾ ਹੈ:

⚠ ਕਈ ਸਾਰੇ ਕੰਮ ਵਾਲੀਆਂ ਜਗ੍ਹਾਵਾਂ ਉੱਤੇ ਕੰਮ ਕਰ ਰਹੇ ਕਾਮਿਆਂ ਦੀ ਗਿਣਤੀ ਨੂੰ ਸੀਮਤ ਕਰੋ ਜਾਂ ਬੰਦ ਕਰੋ।

⚠ ਉਹਨਾਂ ਸਾਰੇ ਕਾਮਿਆਂ ਦੇ ਰਿਕਾਰਡਾਂ ਨੂੰ ਬਣਾਈ ਰੱਖੋ ਜਿੰਨ੍ਹਾਂ ਨੇ ਖੁਲਾਸਾ ਕੀਤਾ ਹੈ ਕਿ ਉਹ ਇੱਕ ਤੋਂ ਵਧੇਰੇ ਕੰਮ ਦੀਆਂ ਜਗ੍ਹਾਵਾਂ ਵਿੱਚ ਵੱਖ-ਵੱਖ ਰੋਜ਼ਗਾਰਦਾਤਿਆਂ ਵਾਸਤੇ ਕੰਮ ਕਰ ਰਹੇ ਹਨ।